

## About

# ਪੀਰਾਂ ਦੀ ਟਾਹਰ

ਸੁਣੀ ਅੱਲ੍ਹਾ ਦੇ ਨਾਮ, ਸੁਣੀ ਨਬੀ ਦੇ ਨਾਮ, ਸੁਣਦਾ ਨਾਮ ਰਸੂਲ ਦੇ - ਜੀ ਸਜਦਾ
ਪੀਰ ਜੀ ਤੇਰੀ ਸੰਗਤ ਆਈ ਦੂਰੋਂ ਚੱਲ ਕੇ ਤੁਸੀਂ ਬੈਠੇ ਕਚਿਹਰੀ ਮੱਲ੍ਹ ਕੇ ਜਰਾ ਦੇਖਣਾ ਦਫ਼ਤਰ ਖੋਲ ਕੇ, ਨਿਆਂ ਕਰਦੇ ਸਚ ਦਾ - ਜੀ ਸਜਦਾ
ਸੁਲਤਾਨ, ਸਮੁੰਦਰ, ਸਾਗਰਾਂ ਪੀਰਾ ਤੇਰਾ ਚੌਂਕੀ ਕੁੰਟੀ ਆਗਰਾਂ ਦੇ ਦੇਵੀ ਗੁਡ੍ਹੇ ਨਾਲ ਨਮਾਜ਼ ਦੇ - ਜੀ ਸਜਦਾ
ਕਾਲੀ ਘਾਟ ਦਿਖਾ ਦੀਨ ਲਾੜਿਆ ਤੁਸੀਂ ਮੱਕੇ ਹੱਜ ਗੁਜਾਰਿਆ ਜਿਸ ਤੇ ਨਿਗਾਹ ਕੀਤੀ ਉਸ ਨੂੰ ਤਾਰਿਆ - ਜੀ ਸਜਦਾ
ਮੁਖਹ ਹੋਈ ਤੇ ਪੀਰ ਜਾਹੀ ਕੀਤੇ ਖੁਲੇ ਖ਼ਿਜ਼ਰਾਂ ਦੇ ਦਰਵਾਜ਼ੇ, ਕੀਤੇ ਖੁੱਲੀਆਂ ਨੂਰ ਦੀਆ ਤਾਕੀਆਂ ਲੈ ਸਰਕਦਾ ਨੂਰ ਦਾ ਪੀਰ ਵਛੂ ਸੱਖੀ - ਜੀ ਸਜਦਾ
ਪੀਰ ਜੀ ਭੁੱਲਾਂ ਨੂੰ ਮਾਰਨਾ, ਮਨੋ ਨੀ ਵਿਸਾਰਨਾ ਲੜ ਲਗਿਆਂ ਕੇ ਸਰਵਰ ਵਾਲੀਆ ਹਰ ਕੇ ਤਾਰਨਾ- ਜੀ ਸਜਦਾ
ਪੀਰ ਜੀ ਸੁਣ ਲੈ ਅਰਜ਼ ਗੁਲਾਮ ਦੀ, ਵਕਤ ਹੈ ਸਲਾਮ ਦਾ, ਮੇਰਾ ਵਕਤ ਹੈ ਫ਼ਰਿਆਦ ਦਾ, ਤੇਰਾ ਵਕਤ ਹੈ ਨਮਾਜ਼ ਦਾ ਚੰਦ ਲੋਟਾ ਵਜੂ ਕਰਾਂਵਦਾ ਮੱਕੇ ਦੇ ਹਾਜੀਆ, ਮੱਕੇ ਦਾ ਹੱਜ ਗੁਜਾਰਦਾ - ਜੀ ਸਜਦਾ
ਪੀਰ ਜੀ ਸੁਣ ਲੈ ਅਰਜ਼ ਗੁਲਾਮ ਦੀ, ਵਕਤ ਹੈ ਸਲਾਮ ਦਾ, ਮੇਰਾ ਵਕਤ ਹੈ ਫ਼ਰਿਆਦ ਦਾ, ਤੇਰਾ ਵਕਤ ਹੈ ਨਮਾਜ਼ ਦਾ ਚੰਦ ਲੋਟਾ ਵਜੂ ਕਰਾਂਵਦਾ ਮੱਕੇ ਦੇ ਹਾਜੀਆ, ਮੱਕੇ ਦਾ ਹੱਜ ਗੁਜਾਰਦਾ - ਜੀ ਸਜਦਾ
ਪੀਰ ਜੀ ਚਾਲੀ ਲੈ ਪਤਾਸੇ ਪਾ ਝੰਡਿਆਂ ਪੀਰਾ ਦੇਲ ਵਾਰ ਜਾ ਬੇੜੇ ਸਭਦੇ ਲਾਵਣਾ ਪਾਰ ਲੱਖਾਂ ਦਿਆ ਦਾਤਿਆ ਸਰਵਰ ਵਾਲਿਆ - ਜੀ ਸਜਦਾ

ਵਿਆਖਿਆ →










## ਲੱਖਦਾਤਾ ਜੀ



### ਲੱਖਦਾਤਾ ਜੀ

ਅਰਬ ਦੇਸ਼ ਦੇ ਬਗਦਾਦ ਸ਼ਹਿਰ ਵਿੱਚ ਬਹੁਤ ਹੀ ਕਰਨੀ ਵਾਲੇ ਫ਼ਕੀਰ ਹੋਏ ਹਨ। ਉਨ੍ਹਾਂ ਵਿਚੋਂ ਇਕ ਫ਼ਕੀਰ ਹੋਏ ਹਨ ਸੱਯਦ ਉਮਰਸ਼ਾਹ ਜੀ, ਜੋ ਬਹੁਤ ਹੀ ਕਰਨੀ ਵਾਲੇ ਫ਼ਕੀਰ ਸਨ, ਲੋਕ ਦੂਰੋਂ - ਦੂਰੋਂ ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਹੁੰਦੇ ਸਨ। ਸੱਯਦ ਉਮਰਸ਼ਾਹ ਜੀ ਨੇ 'ਰਸੂਲੇ ਕਰੀਮ ਸਲਲਿਲਾ.....

ਲੱਖਦਾਤਾ ਜੀ ਦੀ ਜੀਵਨੀ



### ਪੀਰ ਨਿਗਾਹਾ - ਊਨਾ

ਸਖੀ ਸਰਵਰ, ਲੱਖਦਾਤਾ ਜੀ ਦੇ ਦੁਨੀਆ ਭਰ ਵਿੱਚ ਬਹੁਤ ਸਾਰੇ ਮੁਰੀਦ ਹੋਏ ਹਨ ਉਨ੍ਹਾਂ ਵਿਚੋ ਇਕ ਪੰਡਿਤ ਨਿਗਾਹੀਆ ਜੀ ਹਿਮਾਚਲ ਪ੍ਰਦੇਸ਼ ਵਿੱਚ ਪੈਂਦੇ ਜ਼ਿਲ੍ਹਾ ਊਨਾ ਤੋਂ 8 - 10 ਕਿਲੋਮੀਟਰ ਦੀ ਦੂਰੀ ਤੇ ਪੈਂਦੇ ਪਿੰਡ ਲੋਲੀ ਵਿੱਚ ਹੋਏ ਹਨ। ਪੰਡਿਤ ਨਿਗਾਹੀਆ ਜੀ ਨੂੰ ਕੋੜ੍ਹ ਹੋ ਗਿਆ ਸੀ.....

ਇਤਿਹਾਸ - ਪੀਰ ਨਿਗਾਹਾ - ਊਨਾ



### ਮੀਆਂ ਰਾਣਾ ਜੀ

ਇਸ ਸਥਾਨ ਦੀ ਮਹੱਤਤਾ ਇਹ ਹੈ ਕਿ ਜਦੋਂ ਲੱਖਦਾਤਾ ਪੀਰ ਜੀ ਨਿਗਾਹੇ ਆਏ ਸੀ ਤਾਂ ਪੀਰ ਨਿਗਾਹੇ ਜਾਣ ਤੋਂ ਪਹਿਲਾ ਲੱਖਦਾਤਾ ਪੀਰ ਜੀ ਇਸ ਸਥਾਨ ਤੇ ਰੁਕੇ ਸੀ। ਉਸ ਵੇਲੇ ਇਸ ਪਿੰਡ ( ਬਸਦੇਹੜਾ ) ਵਿਚ ਪਾਣੀ ਦੀ ਬਹੁਤ ਮੁਸ਼ਕਿਲ ਸੀ ਤੇ ਲੱਖਦਾਤਾ ਪੀਰ ਜੀ ਨੇ ਇਸ ਸਥਾਨ ਤੇ ਆਪਣੇ ਮੁਬਾਰਕ.....

ਮੀਆਂ ਰਾਣਾ ਜੀ - ਬਸਦੇਹੜਾ



### ਬਾਬਾ ਫ਼ਰੀਦ ਜੀ

ਬਾਬਾ ਫ਼ਰੀਦ ਦਾ ਜਨਮ 1188 (573 ਹਿਜਰੀ) ਨੂੰ ਪੰਜਾਬ ਖੇਤਰ ਦੇ ਮੁਲਤਾਨ (ਹੁਣ ਪਾਕਿਸਤਾਨ) ਤੋਂ 10 ਕਿਲੋਮੀਟਰ ਦੂਰ ਕੋਠੇਵਾਲ ਵਿੱਚ ਜਮਾਲ-ਉਦ-ਦੀਨ ਸੁਲੇਮਾਨ ਅਤੇ ਮਰੀਅਮ ਬੀਬੀ (ਕਰਸੁਮ ਬੀਬੀ) ਦੇ ਘਰ ਹੋਇਆ ਸੀ, ਜੋ ਵਜੀਹ-ਉਦ-ਦੀਨ ਖੋਜੇਂਦੀ ਦੀ ਧੀ ਸੀ। ਉਨ੍ਹਾਂ .....

ਬਾਬਾ ਫ਼ਰੀਦ ਜੀ ਦਾ ਸਫ਼ਰ



## ਰੋਟੀ ਮੇਰੀ ਕਾਠ ਕੀ
## ਲਾਵਣੁ ਮੇਰੀ ਭੁਖ ||
## ਜਿਨਾ ਖਾਧੀ ਚੋਪੜੀ
## ਘਣੇ ਸਹਿਨਗੇ ਦੁਖ||

ਹੇ ਫ਼ਰੀਦ (ਆਪਣੇ ਹੱਥਾਂ ਦੀ ਕਮਾਈ ਹੋਈ) ਮੇਰੀ ਰੁੱਖੀ-ਮਿੱਸੀ (ਭਾਵ, ਸਾਦਾ) ਰੋਟੀ ਹੈ, ਮੇਰੀ ਭੁੱਖ ਹੀ ਇਸ ਰੋਟੀ ਨਾਲ ਸਲੂਣਾ ਹੈ। ਜੋ ਲੋਕ (ਬੇਇਮਾਨੀ ਦੀ ਕਮਾਈ ਰੋਟੀ) ਚੁਸਕੇ ਲੈ ਕੇ ਖਾਂਦੇ ਹਨ, ਉਹ ਅੰਤ ਵਿਚ ਬੜੇ ਕਸ਼ਟ ਸਹਿੰਦੇ ਹਨ।

## TAAHAR PIRAN DI



# ਟਾਹਰ ਪੀਰ ਲੱਖ ਦਾਤਾ ਜੀ ਦੀ

ਇਮਾਨ ਸੁਲਤਾਨ ਜਾਗਦੇ ਦੀਵਾਨ ਮੇਹਰਬਾਨ ਅਖਾੜਿਆਂ ਦੇ ਪਹਿਲਵਾਨ ਦਾਤਾ ਜੀ ਕਰਨਾ ਮੁਸ਼ਕਿਲ ਆਸਾਨ, ਯਾ ਸਖੀ ਸਰਵਰ ਸੁਲਤਾਨ ਤੇਰੀ ਜੰਜ ਢੁੱਕੀ ਮੁਲਤਾਨ, ਹੂਰਾਂ ਮੰਗਲ ਗਾਉਂਦੀਆਂ, ਖਾਨ ਢੋਡੇ ਆਣ ਚੱਕਨ ਨਿਸ਼ਾਨ ਅੱਲ੍ਹਾ ਵਲੀ ਖੁੱਲੇ ਨੂਰ ਯਾ ਮੁਹਮਦ ਯਾ ਰਸੂਲ ਤੇਰੀ ਕਿਸ਼ਤੀ ਤੇਰਾ ਪੂਰ, ਮੈਂ ਇਕੱਲਾ ਮੰਜਿਲ ਦੂਰ ਪਾਰ ਲਗਾਨਾ ਆਪ ਹਜ਼ੂਰ - ਆਪ ਰਸੂਲ ਖੁਦਾ ਦਾ ਬੇੜਾ ਬੰਨ੍ਹੇ ਲਾਂਦਾ ਦਮ ਮੀਰਾ ਦਮ ਜਿੰਦਾ ਸ਼ਾਹਮਦਾਰ, ਤੇਰਾ ਡੰਕਾ ਬਰਕਰਾਰ ਤੂੰ ਖੋਹੜੇ ਕੁੱਲ ਜਹਾਨ ਤੇਰਾ ਮੇਲਾ ਹਰ ਮੈਦਾਨ ਹੱਕ ਲਾ-ਏ-ਲਾਹਾ ਇਲ੍ਲਿਲ੍ਹਾ ਮੋਹਮਦ ਪਾਕ ਰਸੂਲ ਲਲਾਹ, ਜ਼ੁਲੇ ਮਾਲਕੋ ਮਦੀਨ, ਬਿਸ੍ਮਿਲ੍ਹਾ ਹਿਰ ਰਹਿਮਾਨ ਨਿਰ ਰਹੀਮ, ਜਲ ਤੂੰ ਜਲਾਲ ਤੂੰ ਕੁਦਰਤ-ਏ-ਕਮਾਲ ਤੂੰ ਭਾਰੀ ਪਈ ਦਾ ਯਾਰ ਤੂੰ ਆਈ ਬਲਾ ਕੋ ਟਾਲ ਤੂੰ, ਲਾ ਇੱਲ੍ਹਾਹਾ ਕੀ ਕੋਠੜੀ ਇਲ੍ਅਲਾਹ ਕਾ ਤੀਰ ਅੱਲ੍ਹਾ ਮੇਰਾ ਬਾਦਸ਼ਾਹ ਨਬੀ-ਏ-ਵਜ਼ੀਰ ਯਾ ਦਾਤਾ ਜੀ ਤੋੜੇ ਕੁਫਰਤੇ ਜੰਜੀਰ, ਔਖੇ ਵੇਲੇ ਬੋਹੁੜਨਾ ਮੇਰੇ ਦਿਲ ਦਿਆ ਯਾਰਾ ਪੀਰ ਯਾ ਸਖੀ ਸਰਵਰ ਨਾਮ ਦੀ ਸ਼ਰਣ ਪਾਈਂ ਘੋੜੀਆਂ ਪੂਰੀਆਂ ਕਰੀਂ ਚਿਰਾਗੀਆਂ ਲੇਖੇ ਲਾਈ, ਦੇਗਾ, ਨਿਆਜ਼ਾ, ਝੰਡੇ, ਦੁਸ਼ਾਲੇ ਮੰਜ਼ੂਰ ਕਰਨਾ, ਚਾਲੇ ਚੌਕੀਆਂ ਮੰਜ਼ੂਰ ਕਰਨਾ, ਕਾਰੋਬਾਰ ਦੇ ਵਿਚ ਵਾਧਾ ਪਾਉਣਾ, ਦੇਸ - ਪਰਦੇਸ ਸਹਾਇਤਾ ਕਰਨੀ ਜਿਨ੍ਹੀ ਮੁਰਾਦੀਂ ਸੇਵਿਆ ਆਪ ਮੁਰਾਦ ਪੂਰੀ ਕਰਨੀ।

ਸੁਣੀ ਅੱਲ੍ਹਾ ਦੇ ਨਾਮ, ਸੁਣੀ ਨਬੀ ਦੇ ਨਾਮ, ਸੁਣਦਾ ਨਾਮ ਰਸੂਲ ਦੇ - ਜੀ ਸਜਦਾ
ਪੀਰ ਜੀ ਤੇਰੀ ਸੰਗਤ ਆਈ ਦੂਰੋਂ ਚੱਲ ਕੇ ਤੁਸੀਂ ਬੈਠੋਂ ਕਚਿਹਰੀ ਮੱਲ੍ਹ ਕੇ ਜਰਾ ਦੇਖਣਾ ਦਫ਼ਤਰ ਖੌਲ ਕੇ, ਨਿਆ ਕਰਦੇ ਸਚ ਦਾ - ਜੀ ਸਜਦਾ
ਸੁਲਤਾਨ, ਸਮੁੰਦਰ, ਸਾਗਰਾਂ ਪੀਰਾ ਤੇਰਾ ਚੋਹੀਂ ਕੁੰਟੀ ਆਗਰਾਂ ਦੇ ਦੇਵੀ ਗੁਫ਼ੇ ਨਾਲ ਨਮਾਜ਼ ਦੇ - ਜੀ ਸਜਦਾ
ਕਾਲੀ ਘਾਟ ਦਿਯਾ ਦੀਨ ਲਾੜਿਆ ਤੁਸੀਂ ਮੱਕੇ ਹੱਜ ਗੁਜਾਰਿਆ ਜਿਸ ਤੇ ਨਿਗਾਹ ਕੀਤੀ ਉਸ ਨੂੰ ਤਾਰਿਆ - ਜੀ ਸਜਦਾ
ਸੁਬਹ ਹੋਈ ਤੇ ਪੀਰ ਜਾਗੇ ਕੀਤੇ ਖ਼ੁਲੇ ਖ਼੍ਰਿਸਤਾਂ ਦੇ ਦਰਵਾਜ਼ੇ, ਕੀਤੇ ਖ਼ੁੱਲੀਆਂ ਨੂਰ ਦੀਆ ਤਾਕੀਆਂ ਲੈ ਸਤਾਵਾ ਨੂਰ ਦਾ ਪੀਰ ਵਜੂ ਸੱਜੇ - ਜੀ ਸਜਦਾ
ਪੀਰ ਜੀ ਭੁੱਲਾਂ ਨੂੰ ਮਾਰਨਾ, ਮਨੋ ਨੀ ਵਿਸਾਰਨਾ ਲੜ ਲਗਿਆਂ ਕੋ ਸਰਵਰ ਵਾਲੀਆ ਹਰ ਕੇ ਤਾਰਨਾ- ਜੀ ਸਜਦਾ
ਪੀਰ ਜੀ ਸੁਣ ਲੈ ਅਰਜ਼ ਗੁਲਾਮ ਦੀ, ਵਕ੍ਤ ਹੈ ਸਲਾਮ ਦਾ, ਮੇਰਾ ਵਕ੍ਤ ਹੈ ਫ਼ਰਿਯਾਦ ਦਾ, ਤੇਰਾ ਵਕ੍ਤ ਹੈ ਨਮਾਜ਼ ਦਾ ਚੱਕ ਲੋਟਾ ਵਜੂ ਸ਼ਗਾਰਦਾ ਮੱਕੇ ਦੇ ਹਾਜ਼ੀਆ, ਮੱਕੇ ਦਾ ਹੱਜ ਗੁਜਾਰਦਾ - ਜੀ ਸਜਦਾ
ਪੀਰ ਜੀ ਸੁਣ ਲੈ ਅਰਜ਼ ਗੁਲਾਮ ਦੀ, ਵਕ੍ਤ ਹੈ ਸਲਾਮ ਦਾ, ਮੇਰਾ ਵਕ੍ਤ ਹੈ ਫ਼ਰਿਯਾਦ ਦਾ, ਤੇਰਾ ਵਕ੍ਤ ਹੈ ਨਮਾਜ਼ ਦਾ ਚੱਕ ਲੋਟਾ ਵਜੂ ਸ਼ਗਾਰਦਾ ਮੱਕੇ ਦੇ ਹਾਜ਼ੀਆ, ਮੱਕੇ ਦਾ ਹੱਜ ਗੁਜਾਰਦਾ - ਜੀ ਸਜਦਾ
ਪੀਰ ਜੀ ਥਾਲੀ ਲੈ ਪਤਾਸੇ ਪਾ ਖ਼ਵਾਜਿਆ ਪੀਰਾ ਵੇਲ ਵਧਾ ਤਾ ਬੇੜੇ ਸਭਦੇ ਲਾਨਾਂ ਪਾਰ ਲੱਖਾਂ ਦਿਆ ਦਾਤਿਆ ਸਰਵਰ ਵਾਲ੍ਹੀਆ - ਜੀ ਸਜਦਾ
ਪੀਰ ਜੀ ਜਦੋ ਦਾਨੀ ਜੱਟੀ ਨੇ ਪੁਕਾਰਿਆ ਰੋਜ਼ੇ ਤੇਰੇ ਦੀਵਾ ਬਾਲਿਆ ਕੀਤੇ ਬੋਹੜ ਨਿਗਾਹੇ ਵਾਲਿਆ- ਜੀ ਸਜਦਾ
ਪੀਰ ਜੀ ਤੇਨੂੰ ਜੱਲ ਵਿਚ ਸੇਵੰਦੀਆਂ ਮੱਛੀਆਂ ਅਮਬ੍ਰ ਚ ਸੇਵੰਦੇ ਤਾਰੇ ਓਹ ਸੌਦਾਗਰ ਕਿਹੜਾ ਜਿਹਨੇ ਹੀਰੇ - ਲਾਲ ਭੇਵਾਨੀ ਚਾੜ੍ਹੇ, ਤੇਰੇ ਲਾਲੀ ਮੌਜ਼ਾ ਲੁਟੀਆਂ - ਜੀ ਸਜਦਾ
ਪੀਰ ਦੀਏ ਭੂਰੀਏ ਦਾੜੀਏ, ਚਿੱਟੀਏ ਪੱਗੇ, ਪੀਰ ਦੇ ਸਿਰ ਪਰ ਬੰਨੀਏ ਬਰ੍ਪਿੰਨੀਏ ਪੱਗੇ ਮੈਂ ਅਰਜ਼ ਕਰੇਂਦਾ ਲੱਖ ਦਾਤੇ ਸੋਹਣੇ ਸੱਚੇ ਪੀਰ ਦੇ ਅੱਗੇ ਕੀਤੇ ਓਫ਼ੱਲ ਜਾਂਦੀਆਂ ਵੇਲਾਂ ਨੂੰ ਡਾਡਿਆ ਫ਼ਲ ਲਗੇ - ਜੀ ਸਜਦਾ
ਪੀਰ ਜੀ ਤੇਰੇ ਸੇਵਕ ਇਧਰੋਂ ਚੱਲ ਕੇ ਤੁਸੀਂ ਬੈਠੇ ਦਲੀਚਾ ਮੱਲ੍ਹ ਕੇ ਜਰਾ ਦੇਖਣਾ ਦਫ਼ਤਰ ਖੌਲ ਕੇ ਨਿਆ ਕਰਦਾ ਸਚ ਦਾ, ਸਚ ਦੀ ਕਮਾਈ ਵਾਲਿਆ - ਜੀ ਸਜਦਾ
ਪੀਰ ਜੀ ਕਿਨ੍ਹਾਂ ਨੂੰ ਬੋਹ੍ੜਦਾ ਘਰ ਬੈਠਿਆਂ, ਬੇਮਿਸ੍ਕਰਾਂ ਦੀ ਬਾਤ ਨੀ ਪੁਚਦਾ ਤੂੰ ਦਰਬਾਰ ਗਿਆ- ਜੀ ਸਜਦਾ
ਪੀਰ ਜੀ ਦੇ ਦੁੱਧਾਂ ਪੁੱਤਾਂ ਦਾ ਦਾਨਾਂ ਕੀਤੇ ਬਖਸ਼ੀਂ ਰਿਜ਼ਕ ਦਾ ਖਜਾਨਾਂ ਜਿਥੋਂ ਵਖਰਾ ਤੇਰੇ ਨਾਂ ਦਾ - ਜੀ ਸਜਦਾ
ਪੀਰਾ ਤੂੰ ਧ੍ਰੀਨ ਆ ਤੂੰ ਮਾਈ ਐਸਾ ਦੇ ਘਰ ਜੰਮਿਆ ਪਰ ਸ਼ਰਮਾਂ ਤੇਰੇ ਨਾ ਦੀਆਂ - ਜੀ ਸਜਦਾ
ਪੀਰ ਜੀ ਕੱਕੀ ਘੱਤ ਭੁਲਾਣਾ ਜੇ ਤੂੰ ਹੁਣ ਬੋਹੜੇ ਤਾਂ ਜਾਣਾ ਤੇਰਾ ਜਿਵੇ ਮੀਆਂ ਰਾਣਾ - ਜੀ ਸਜਦਾ
ਪੀਰ ਜੀ ਕੱਕੀ ਨੂੰ ਟੋਹ ਕੇ, ਪਾਸ ਖ਼ਲੋ ਕੇ ਹਾਜ਼ਿਰ -ਨਾਜ਼ਿਰ ਹੋ ਕੇ ਬੇੜਾ ਸਾਧ ਸੰਗਤ ਦਾ ਪਾਰ ਲਾਣਾ ਜੀ - ਜੀ ਸਜਦਾ











# ਸਖੀ ਸਰਵਰ ਸਖੀ ਸੁਲਤਾਨ - ਲੱਖਦਾਤਾ ਜੀ ਦੀ ਜੀਵਨੀ






## PEER NIGAHA SULTAN

ਅਰਬ ਦੇਸ਼ ਦੇ ਬਗਦਾਦ ਸ਼ਹਿਰ ਵਿੱਚ ਬਹੁਤ ਹੀ ਕਰਨੀ ਵਾਲੇ ਫ਼ਕੀਰ ਹੋਏ ਹਨ। ਉਨ੍ਹਾਂ ਵਿਚੋਂ ਇਕ ਫਕੀਰ ਹੋਏ ਹਨ ਸੈਯਦ ਉਮਰਸ਼ਾਹ ਜੀ, ਜੋ ਬਹੁਤ ਹੀ ਕਰਨੀ ਵਾਲੇ ਫ਼ਕੀਰ ਸਨ, ਲੋਕ ਦੂਰੋਂ - ਦੂਰੋਂ ਉਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਹੁੰਦੇ ਸਨ। ਸੈਯਦ ਉਮਰਸ਼ਾਹ ਜੀ ਨੇ 'ਰਸੂਲੇ ਕਰੀਮ ਸੁਲੱਲਿਲਾ ਅੱਲਾ ਵਸੱਲਮ' ਜੀ ਦੇ ਰੋਜ਼ੇ ਤੇ 40 ਸਾਲ ਤਕ ਸੇਵਾ ਕੀਤੀ। ਇਨ੍ਹਾਂ ਦੇ 4 ਪੁੱਤਰ ਸਨ - ਸੈਯਦ ਜੈਨੁਲ ਅਬਿਦੀਨ, ਸੈਯਦ ਹਸਨ, ਸੈਯਦ ਅਲੀ ਅਤੇ ਸੈਯਦ ਜਫ਼ਰ।

ਇੱਕ ਦਿਨ ਸੈਯਦ ਉਮਰਸ਼ਾਹ ਜੀ ਅਕਾਲ ਚਲਾਨਾ ਕਰ ਗਏ , ਉਨ੍ਹਾਂ ਤੋ ਬਾਅਦ ਉਨ੍ਹਾਂ ਦੇ ਵੱਡੇ ਪੁੱਤਰ ਸੈਯਦ ਜੈਨੁਲ ਆਬਿਦੀਨ ਜੀ ਨੂੰ ਗੱਦੀ ਤੇ ਬਿਠਾਇਆ ਗਿਆ। ਸੈਯਦ ਜੈਨੁਲ ਆਬਿਦੀਨ ਜੀ ਨੇ 22 ਸਾਲ ਤੱਕ ਗਰੀਬਾਂ, ਮਜ਼ਬੂਰਾਂ ਅਤੇ ਜਰੂਰਤਮੰਦਾ ਦੀ ਸੇਵਾ ਕੀਤੀ ਅਤੇ ਇਸੇ ਦੌਰਾਨ ਉਨ੍ਹਾਂ ਦਾ ਵਿਆਹ ਬਗਦਾਦ ਸ਼ਰੀਫ਼ ਦੀ ਬੀਬੀ ਅਮੀਨਾ ਜੀ (ਬੀਬੀ ਫਾਤਿਮਾ ਜੀ) ਨਾਲ ਹੋ ਗਿਆ। ਇਨ੍ਹਾਂ ਦੇ 3 ਪੁੱਤਰ ਹੋਏ - ਸੈਯਦ ਦਾਊਦ, ਸੈਯਦ ਮਹਮੂਦ ਅਤੇ ਸੈਯਦ ਸਰਰਾ। 22 ਸਾਲ ਸੇਵਾ ਕਰਨ ਤੋ ਬਾਅਦ, ਇੱਕ ਦਿਨ ਸੈਯਦ ਜੈਨੁਲ ਆਬਿਦੀਨ ਜੀ ਨੇ ਆਪਣੇ ਰੂਹਾਨੀ ਗੁਰੂ ਜੀ ਦੇ ਹੁਕਮ ਨਾਲ ਬਗਦਾਦ ਸ਼ਰੀਫ਼ ਛੱਡ ਦਿਤਾ ਤੇ ਪਰਿਵਾਰ ਸਮੇਤ ਮੁਲਤਾਨ ਦੇ ਕੋਲ ਪੈਂਦੇ ਸ਼ਹਿਰ ਸ਼ਾਹਕੋਟ (ਹੁਣ ਪਾਕਿਸਤਾਨ) ਵਿੱਚ ਆ ਕੇ ਆਪਣਾ ਡੇਰਾ ਜਮਾ ਲਿਆ। ਸ਼ਾਹਕੋਟ ਆਇਆਂ ਅਜੇ ਥੋੜਾ ਸਮਾਂ ਹੀ ਬੀਤਿਆ ਸੀ ਕੀ ਬੀਬੀ ਅਮੀਨਾ ਜੀ (ਬੀਬੀ ਫਾਤਿਮਾ ਜੀ) ਸਵਰਗ ਸਿਧਾਰ ਗਈ। ਥੋੜਾ ਸਮਾਂ ਬੀਤਣ ਤੋ ਬਾਅਦ ਉਥੋਂ ਦੇ ਨਮਬਰਦਾਰ ਪੀਰ ਅਰਹਾਨ ਨੇ ਆਪਣੀ ਪੁੱਤਰੀ ਬੀਬੀ ਆਇਸ਼ਾ ਜੀ ਦਾ ਵਿਆਹ ਸੈਯਦ ਜੈਨੁਲ ਆਬਿਦੀਨ ਜੀ ਦੇ ਨਾਲ ਕਰ ਦਿਤਾ। ਇਸ ਵਿਆਹ ਤੋ ਆਪਜੀ ਦੇ 2 ਪੁੱਤਰ ਪੈਦਾ ਹੁਏ। ਵੱਡੇ ਪੁੱਤਰ ਦਾ ਨਾਮ ਸੈਯਦ ਅਹਿਮਦ ਸੁਲਤਾਨ (ਲੱਖਦਾਤਾ ਜੀ) ਅਤੇ ਛੋਟੇ ਪੁੱਤਰ ਦਾ ਨਾਮ ਸੈਯਦ ਅਬਦੁਲ ਗਨੀ ਖਾਨ ਢੋਡਾ ਰਖਿਆ।

ਜਦੋਂ ਲੱਖਦਾਤਾ ਜੀ ਦਾ ਜਨਮ ਹੋਣ ਵਾਲਾ ਸੀ ਤਾਂ ਕਿਸੇ ਵੀ ਦਾਈ ਨੇ ਸੈਯਦ ਜੈਨੁਲ ਆਬਿਦੀਨ ਜੀ ਦੇ ਘਰ ਆਣ ਲਈ ਮਨ੍ਹਾ ਕਰ ਦਿਤਾ ਕਿਓਂ ਕੀ ਸੈਯਦ ਜੈਨੁਲ ਆਬਿਦੀਨ ਜੀ ਬਹੁਤ ਗਰੀਬ ਸਨ ਤੇ ਦਾਈਆਂ ਨੇ ਸੋਚਿਆ ਕੀ ਸਾਨੂੰ ਜਨੇਪੇ ਦਾ ਸੈਯਦ ਜੀ Darbar Sakhi Sarwar - Lallan Wala Peer - Lakhdata Ji - Bada Peer Nigaha - (Multaan Pakistan)ਕੀ ਦੇ ਦੇਣ ਗੇ ਇਹ ਸੋਚ ਕੇ ਕਿਸੇ ਵੀ ਦਾਈ ਨੇ ਆਣ ਤੋ ਮਨ੍ਹਾ ਕਰ ਦਿਤਾ ਸੀ , ਤਾਂ ਇਕ ਦਾਈ ਨੂਰਾਂ (ਸਲੀਮਾ) ਜੋ ਜਨਮ ਤੋ ਹੀ ਅੰਨੀ ਸੀ, ਨੇ ਸੈਯਦ ਸਾਹਿਬ ਨੂੰ ਕਿਹਾ ਕਿ ਮੀਆਂ ਜੀ ਮੇਨੂ ਲੇ ਚੱਲੋ ਮੈਂ ਪ੍ਰਸਵ ਕਰਵਾ ਦੇਂਦੀ ਹਾਂ। ਜਿਸ ਵੇਲੇ ਲੱਖਦਾਤਾ ਜੀ ਨੇ ਜਨਮ ਲਿਆ ਅਤੇ ਦਾਈ ਨੂਰਾਂ ਨੂੰ ਲੱਖਦਾਤਾ ਜੀ ਦੀ ਛੋਹ ਪ੍ਰਾਪਤ ਹੋਈ ਤਾਂ ਉਸੇ ਵੇਲੇ ਜਨਮ ਤੋਂ ਅੰਨੀ ਦਾਈ ਨੂਰਾਂ ਦੀਆਂ ਅੱਖਾਂ ਸਜਾਖੀਆਂ ਹੋ ਗਈਆਂ ਤੇ ਉਸ ਨੂੰ ਸਾਰਾ ਕੁਝ ਦਿਖਾਈ ਦੇਣ ਲਗ ਪਿਆ। ਦਾਈ ਨੂਰਾਂ ਨੇ ਸੈਯਦ ਜੈਨੁਲ ਆਬਿਦੀਨ ਜੀ ਨੂੰ ਕੇਹਾ ਹਜ਼ੂਰ ਆਪ ਜੀ ਦੇ ਘਰ ਖੁਦ ਅੱਲ੍ਹਾ ਨੇ ਜਨਮ ਲਿਆ ਹੇ ਇਸ ਦਾ ਸਬੂਤ ਇਹ ਹੇ ਕੀ ਮੈਂ ਜਨਮ ਤੋ ਅੰਨੀ ਦੀਆਂ ਅੱਖਾਂ ਸਜਾਖੀਆਂ ਹੋ ਗਈਆਂ ਹਨ, ਹੁਣ ਮੈਂ ਸਬ ਕੁਝ ਦੇਖ ਸਕਦੀ ਹਾਂ। ਮਾਤਾ ਆਇਸ਼ਾ ਜੀ ਦੇ ਕਿਹਣ ਤੇ ਸੈਯਦ ਸਾਹਿਬ ਜੀ ਨੇ ਦਾਈ ਨੂਰਾਂ ਨੂੰ ਇੱਕ ਜਵਾਰ ਦਾ ਭਰਿਆ ਘੜਾ ਵਦਾਈ ਵਜੋਂ ਦਿਤਾ ਤੇ ਦਾਈ ਨੂਰਾਂ ਨੇ ਜਵਾਰ ਦਾ ਭਰਿਆ ਘੜਾ ਲੇਣ ਤੋਂ ਮਨ੍ਹਾ ਕਰ ਦੀਤਾ ਤੇ ਕਿਹਾ ਕੀ ਮਿਆਂ ਜੀ ਮੇਰੀ ਜ਼ਿੰਦਗੀ ਰੋਸ਼ਨ ਹੋ ਗਈ, ਇਸ ਤੋ ਵੱਡੀ ਹੋਰ ਕਿਹੜੀ ਵਧਾਈ ਹੋ ਸਕਦੀ ਹੈ ਮੇਰੇ ਵਾਸਤੇ, ਮਾਤਾ ਆਇਸ਼ਾ ਜੀ ਦੇ ਕਿਹਣ ਤੇ ਦਾਈ ਨੂਰਾਂ ਨੇ ਜਵਾਰ ਦਾ ਘੜਾ ਲੇ ਲਇਆ ਤੇ ਖੁਸ਼ੀ - ਖੁਸ਼ੀ ਘੜਾ ਸਿਰ ਤੇ ਰੱਖੀ ਆਪਣੇ ਘਰ ਵੱਲ ਤੁਰ ਪਈ, ਰਸਤੇ ਵਿਚ ਦਾਈ ਨੂਰਾਂ ਨੂੰ ਖਿਆਲ ਆਇਆ ਕਿਓ ਨਾ ਮੈਂ ਇਹ ਜਵਾਰ ਬਾਣੀਏ ਨੂੰ ਵੇਚ ਕੇ ਘਰ ਦਾ ਰਾਸ਼ਨ ਲੇ ਲਵਾਂ ਇਹ ਸੋਚ ਕੇ ਦਾਈ ਨੂਰਾਂ ਬਾਣੀਏ ਦੀ ਦੁਕਾਨ ਤੇ ਚਲੀ ਗਈ। ਜਿਦਾਂ ਹੀ ਦਾਈ ਨੇ ਜਵਾਰ ਦਾ ਭਰਿਆ ਘੜਾ ਸਿਰ ਤੋਂ ਲਾਹ ਕੇ ਜਮੀਨ ਤੇ ਰੱਖਿਆ ਤਾਂ ਦਾਈ ਨੂਰਾਂ ਤੇ ਬਾਣੀਆ ਘੜੇ ਵੱਲ ਵੇਖਦੇ ਹੀ ਰਹਿ ਗਏ ਜਿਹੜਾ ਘੜਾ ਜਵਾਰ ਨਾਲ ਭਰਿਆ ਹੋਇਆ ਸੀ ਉਸ ਘੜੇ ਵਿਚੋਂ ਸੱਤਰੰਗੀ ਰੋਸ਼ਨੀਆਂ ਨਿੱਕਲ ਰਹੀਆਂ ਨੇ ਤੇ ਸਾਰੀ ਦੁਕਾਨ ਉਸ ਰੋਸ਼ਨੀ ਨਾਲ ਜਗਮਗ -ਜਗਮਗ ਕਰ ਰਹੀ ਹੈ ਯਾਨੀ ਜਵਾਰ ਦੇ ਦਾਨੇ ਲਾਲ (ਹੀਰੇ - ਜਵਾਹਰਾਤ ) ਬਣ ਗਏ ਤੇ ਉਸੀ ਦਿਨ ਤੇ ਲੱਖਦਾਤਾ ਜੀ ਦਾ ਨਾਮ ਲਾਲਾਂ ਵਾਲਾ ਮਸ਼ਹੂਰ ਹੋ ਗਿਆ। ਜਨਮ ਵੇਲੇ ਆਪ ਜੀ ਦਾ ਨਾਮ ਸੈਯਦ ਅਹਿਮਦ ਸੁਲਤਾਨ ਰਖਿਆ ਗਿਆ।

ਰੂਹਾਨੀਅਤ ਦੀ ਸਿੱਖਿਆ ਆਪਜੀ ਨੇ ਆਪਣੇ ਵਾਲਿਦ ਸਾਹਿਬ ਹਜ਼ੂਰ ਸੈਯਦ ਜੈਨੁਲ ਆਬਿਦੀਨ ਜੀ ਤੋ ਪ੍ਰਾਪਤ ਕੀਤੀ ਅਤੇ ਅਗਲੀ ਸਿੱਖਿਆ ਆਪ ਜੀ ਨੇ ਲਾਹੌਰ ਦੇ ਸੈਯਦ ਮੋਹਮਦ ਇਸਹਾਕ ਜੀ ਤੋ ਪ੍ਰਾਪਤ ਕੀਤੀ। ਲੱਖਦਾਤਾ ਜੀ ਨੇ ਫੈਜ਼ (ਰਹਿਮਤ) ਦੀ ਸਿੱਖਿਆ ਤਸਵੁਫ਼ ਦੀ ਦੁਨੀਆਂ ਦੇ ਤਿੰਨ ਵੱਡੇ ਸਿਲਸਿਲਿਆਂ ਤੋ ਯਾਨੀ ਕਾਦਰੀਆਂ , ਚਿਸ਼ਤੀਆਂ ਤੇ ਸੁਹਰਵਰਦੀਆਂ ਤੋ ਹਾਸਿਲ ਕੀਤੀ।

ਜਨਮ ਵੇਲੇ ਲੱਖਦਾਤਾ ਜੀ ਨਾਮ ਸੈਯਦ ਅਹਿਮਦ ਸੁਲਤਾਨ ਰਖਿਆ ਗਿਆ, ਪਰ ਉਨ੍ਹਾਂ ਦੇ ਮੁਰੀਦ ਲੱਖਦਾਤਾ ਜੀ ਨੂੰ ਅੱਲਗ - ਅੱਲਗ ਨਾਮਾਂ ਨਾਲ ਯਾਦ ਕਰਦੇ ਹਨ ਉਨ੍ਹਾਂ ਵਿਚੋਂ ਲੱਖਦਾਤਾ ਜੀ, ਲਾਲਾਂ ਵਾਲਾ, ਸਖੀ ਸਰਵਰ ਨਾਮ ਬਹੁਤ ਮਸ਼ਹੂਰ ਹਨ ਕਿਓਂਕਿ ਆਪ ਬਹੁਤ ਜਿਆਦਾ ਦਰਿਆ ਦਿਲ ਸਨ ਜੋ ਜਿਹੜਾ ਵੀ ਇਨਸਾਨ ਲੱਖਦਾਤਾ ਜੀ ਦੇ ਕੋਲ ਜਿਹੜੀ ਵੀ ਮੁਰਾਦ ਲੇ ਕੇ ਆਓਂਦਾ, ਚਾਹੇ ਉਹ ਧਰਮ ਦੇ ਪ੍ਰਤੀ ਹੁੰਦੀ ਚਾਹੇ ਦੁੰਨਿਆਦਾਰੀ ਦੀ ਕੋਈ ਮੁਸ਼ਕਿਲ ਹੁੰਦੀ ਆਪ ਜੀ ਸਾਰੀਆਂ ਮੁਸ਼ਕਿਲਾਂ ਦਾ ਹੱਲ੍ਹ ਪਲਾਂ ਵਿੱਚ ਕਰ ਦੇਂਦੇ।

ਲੱਖਦਾਤਾ ਜੀ ਦਾ ਇੱਕ ਕਿੱਸਾ ਬਹੁਤ ਮਸ਼ਹੂਰ ਹੈ, ਜਦੋਂ ਲੱਖਦਾਤਾ ਜੀ ਦਾ ਵਿਆਹ ਹੋਇਆ ਤਾਂ ਆਪ ਜੀ ਨੂੰ ਵਿਆਹ ਵਿੱਚ ਜੋ ਵੀ ਦਾਜ - ਦਹੇਜ ਮਿਲਿਆ ਸੀ ਓਹ ਸਾਰਾ ਕੁਝ ਆਪ ਜੀ ਨੇ ਗਰੀਬਾਂ ਅਤੇ ਜਰੂਰਤਮੰਦਾਂ ਵਿੱਚ ਵੰਡ ਦਿਤਾ ਸੀ। ਲੱਖਦਾਤਾ ਜੀ ਬਹੁਤ ਉੱਚੇ ਖਿਆਲਾਂ ਅਤੇ ਗਰੀਬਾਂ, ਮਜਬੂਰਾਂ ਦਾ ਧਿਆਨ ਰੱਖਣ ਵਾਲੇ ਪੀਰ ਸਨ। ਰੂਹਾਨੀਅਤ ਅਤੇ ਦਾਨਸ਼ੀਲਤਾ ਲੱਖਦਾਤਾ ਜੀ ਦੇ ਵਿੱਚ ਕੁੱਟ -ਕੁੱਟ ਕੇ ਭਰੀ ਹੋਈ ਸੀ। ਜਿਹੜਾ ਵੀ ਜਰੂਰਤਮੰਦ ਤੁਹਾਡੇ ਦਰਬਾਰ ਵਿਚ ਆਓਂਦਾ, ਆਪ ਉਸ ਦੀ ਆਸ - ਮੁਰਾਦ ਜਰੂਰ ਪੂਰੀ ਕਰਦੇ, ਇਸੇ ਲਈ ਆਪ ਜੀ ਦਾ ਨਾਮ ਸਖ਼ੀ ਸਰਵਰ ਮਸ਼ਹੂਰ ਹੋ ਗਿਆ। ਇਹ ਗੱਲ ਆਪਜੀ ਦੇ ਸਮੇਂ ਤੋ ਲੇ ਕੇ ਅੱਜ ਤੱਕ ਅੱਟਲ ਹੇ ਕੀ ਕੋਈ ਵੀ ਸਵਾਲੀ ਚਾਹੇ ਜੇਹੜੇ ਮਰਜ਼ੀ ਧਰਮ - ਮਜ਼ਹਬ ਦਾ ਹੋਵੇ ਜੇਕਰ ਉਹ ਸੱਚੇ ਦਿਲ ਨਾਲ ਆਪਜੀ ਦੇ ਦਰਬਾਰ ਵਿੱਚ ਆਓਂਦਾ ਹੇ ਯਾਂ ਆਪ ਜੀ ਨੂੰ ਯਾਦ ਕਰਕੇ ਕੋਈ ਵੀ ਮੁਰਾਦ ਮੰਗਦਾ ਹੇ ਤਾਂ ਆਪ ਉਸਦੀ ਆਸ - ਮੁਰਾਦ ਪੂਰੀ ਕਰਦੇ ਹੇ।

ਲੱਖਦਾਤਾ ਜੀ ਨੇ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਪਿੰਡ ਧੌਂਕਲ ਵਿੱਚ ਗੁਜਾਰਿਆ ਅਤੇ ਇਥੇ ਹੀ ਆਪ ਜੀ ਨੇ ਸੈਯਦ ਅਬਦੁਲ ਰਜ਼ਾਕ ਜੀ ਦੀ ਪੁੱਤਰੀ ਨਾਲ ਵਿਆਹ ਕੀਤਾ ਤੇ ਆਪਦੇ ਇੱਕ ਪੁੱਤਰ ਵੀ ਪੈਦਾ ਹੋਇਆ ਜਿਸਦਾ ਨਾਮ ਸੈਯਦ ਸਿਰਾਜੁਦੀਨ ਰਖਿਆ। ਆਪਜੀ ਦਾ ਦੂਸਰਾ ਵਿਆਹ ਮੁਲਤਾਨ ਦੇ ਰਾਜਾ ਘਨੋ ਪਠਾਨ ਜੀ ਦੀ ਪੁੱਤਰੀ ਨਾਲ ਹੋਇਆ। ਲੱਖਦਾਤਾ ਜੀ ਆਪਣੇ ਪਿਤਾ ਸੈਯਦ ਜੈਨੁਲ ਆਬਿਦੀਨ, ਮਾਤਾ ਆਇਸ਼ਾ ਜੀ ਅਤੇ ਭਰਾਵਾਂ ਦੇ ਨਾਲ ਕਈ ਸਾਲ ਸ਼ਾਹਕੋਟ ਵਿਖੇ ਹੀ ਰਹੇ ਅਤੇ ਗਰੀਬ ਤੇ ਦੀਨ - ਦੁਖੀਆਂ ਦੀ ਸੇਵਾ ਕਰਦੇ ਰਹੇ। ਸ਼ਾਹਕੋਟ ਵਿਖੇ ਹੀ ਆਪ ਜੀ ਦੇ ਪਿਤਾ ਜੀ, ਮਾਤਾ ਜੀ ਅਤੇ ਭਰਾ ਅੱਲਾ ਮੀਆਂ ਜੀ ਨੂੰ ਪਿਆਰੇ ਹੋ ਗਏ ਤੇ ਉਨ੍ਹਾਂ ਦੀਆਂ ਮਜ਼ਾਰਾਂ ਸ਼ਾਹਕੋਟ ਵਿੱਚ ਹੀ ਬਨੀਆਂ ਹੋਇਆ ਹਨ।

ਇੱਕ - ਇੱਕ ਕਰਕੇ ਲੱਖਦਾਤਾ ਜੀ ਦੇ ਸਾਰੇ ਰਿਸ਼ਤੇਦਾਰ ਅੱਲਾ ਮੀਆਂ ਜੀ ਨੂੰ ਪਿਆਰੇ ਹੋ ਗਏ ਤਾਂ ਲੱਖਦਾਤਾ ਜੀ ਨੇ ਸ਼ਾਹਕੋਟ ਛੱਡਣ ਦਾ ਮਨ ਬਣਾ ਲਿਆ। ਇੱਕ ਦਿਨ ਆਪ ਜੀ ਨੇ ਸ਼ਾਹਕੋਟ ਛੱਡ ਹੀ ਦਿਤਾ। ਮੁਲਤਾਨ ਤੋ 60 ਕੋਹ ਦੀ ਦੂਰੀ ਤੇ ਪੈਂਦੇ ਪਿੰਡ ਨਿਗਾਹਾ ਵਿੱਚ ਜਾ ਕੇ ਡੇਰੇ ਲਾ ਲਏ। ਜਦੋਂ ਲੱਖਦਾਤਾ ਜੀ ਨੇ ਸ਼ਾਹਕੋਟ ਛੱਡਿਆ ਤਾਂ ਉਸ ਵੇਲੇ ਦਾਤਾ ਜੀ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਬੀਬੀ ਬਾਈ ਜੀ, ਪੁੱਤਰ ਸੈਯਦ ਸਿਰਾਜੁਦੀਨ (ਜੋ ਸੈਯਦ ਰਾਜ ਦੇ ਨਾਮ ਨਾਲ ਵੀ ਜਾਣੇ ਜਾਂਦੇ ਹਨ) ਤੇ ਛੋਟਾ ਭਰਾ ਖਾਨ ਢੋਡਾ ਜੀ ਵੀ ਨਾਲ ਸਨ। ਇਨ੍ਹਾਂ ਤੋ ਇਲਾਵਾ ਲੱਖਦਾਤਾ ਜੀ ਦੇ 4 ਯਾਰ ਮੀਆਂ ਨੂਰ ਜੀ, ਮੀਆਂ ਮੁਹਮਦ ਇਸਹਾਕ ਜੀ, ਮੀਆਂ ਉਸਮਾਨ ਜੀ ਅਤੇ ਮੀਆਂ ਅਲੀ ਜੀ ਵੀ ਨਾਲ ਹੀ ਨਿਗਾਹੇ ਪਿੰਡ ਗਏ ਸਨ। ਜਦੋ ਲੱਖਦਾਤਾ ਜੀ ਨੇ ਸ਼ਾਹਕੋਟ ਛੱਡਿਆ ਤਾਂ ਆਪਣਾ ਸਾਰਾ ਕੁਝ ਜਮੀਨ - ਜਾਇਦਾਦ, ਘਰ - ਬਾਰ, ਖੇਤ ਸਭ ਕੁਝ ਸ਼ਾਹਕੋਟ ਛੱਡ ਕੇ ਪਿੰਡ ਨਿਗਾਹੇ ਵਿੱਚ ਆ ਕੇ ਡੇਰੇ ਲਾ ਲਏ।

ਪਿੰਡ ਨਿਗਾਹੇ ਆ ਕੇ ਲੱਖਦਾਤਾ ਜੀ ਨੇ ਇੱਕ ਝੋਪੜੀ ਬਣਾ ਲਈ ਤੇ ਇੱਥੇ ਹੀ ਆਪਣੀ ਸਾਰੀ ਜ਼ਿੰਦਗੀ ਖੁਦਾ ਦੀ ਇਬਾਦਤ ਕਰਦੇ ਹੋਏ, ਗਰੀਬਾਂ, ਮਜਲੂਮਾਂ ਅਤੇ ਜਰੂਰਤਮੰਦਾਂ ਦੀ ਸੇਵਾ ਕਰਦੇ ਹੋਏ ਆਪਣਾ ਸਾਰਾ ਜੀਵਨ ਲਗਾ ਦਿਤਾ। ਇੱਕ ਵਾਰ ਲੱਖਦਾਤਾ ਜੀ ਨੇ ਸਤਸੰਗ ਵਿੱਚ ਆਪਣੇ ਮੁਰੀਦਾਂ ਨੂੰ ਇਹ ਵਚਨ ਕੀਤਾ ਕੀ ਚਾਹੇ ਕੋਈ ਫਕੀਰ ਹੋਵੇ ਯਾਂ ਚੋਰ , ਰਾਜਾ ਹੋਵੇ ਯਾਂ ਰੰਕ ਇੱਕ ਦਿਨ ਸਭ ਨੂੰ ਇਹ ਦੁਨਿਆ ਛੱਡ ਕੇ ਜਾਣਾ ਹੀ ਹੈ। ਫ਼ਰਕ ਸਿਰਫ਼ ਐਨਾ ਹੁੰਦਾ ਹੈ ਕੀ ਇਨਸਾਨ ਦਾ ਜਿਓਣਾ ਤੇ ਮਰਨਾ ਹੁੰਦਾ ਹੈ ਪਰ ਜੋ ਪੂਰਨ ਸੰਤ, ਗੁਰੂ, ਪੀਰ ਫਕੀਰ ਹੁੰਦੇ ਹਨ ਉਨ੍ਹਾਂ ਦਾ ਇਸ ਸੰਸਾਰ ਵਿੱਚ ਆਨਾ ਤੇ ਜਾਣਾ ਹੁੰਦਾ ਹੈ ਭਾਵ ਉਹ ਆਪਣੀ ਮਰਜ਼ੀ ਨਾਲ ਆਓਂਦੇ ਹਨ ਅਤੇ ਆਪਣੀ ਮਰਜ਼ੀ ਨਾਲ ਇਸ ਦੁਨੀਆਂ ਤੋ ਜਾਂਦੇ ਹਨ ਉਨ੍ਹਾਂ ਨੂੰ ਕੋਈ ਮਾਰ ਨਹੀ ਸਕਦਾ ਉਹ ਅਮਰ ਹੁੰਦੇ ਹਨ। ਸਖੀ ਸਰਵਰ ਜੀ, ਲੱਖਦਾਤਾ ਜੀ, ਲਾਲਾਂ ਵਾਲੀ ਸਰਕਾਰ ਆਪਣੇ ਮੁਰੀਦਾਂ ਵਿੱਚ ਖੈਰਾਤਾਂ ਵੰਡਦੇ ਹੋਏ ਇਸ ਸੰਸਾਰ ਨੂੰ ਅਲਵਿਦਾ ਕਿਹ ਕੇ ਸਚਖੰਡ ਵਿੱਚ ਜਾ ਵਿਰਾਜੇ।

ਲੱਖਦਾਤਾ ਜੀ ਨੇ ਸਤਸੰਗ ਵਿੱਚ ਆਪਣੇ ਮੁਰੀਦਾਂ ਨਾਲ ਇਹ ਵਚਨ ਕੀਤਾ ਕੀ ਸਾਡੇ ਇਸ ਦੁਨੀਆਂ ਛੱਡ ਜਾਣ ਮਗਰੋਂ ਵੀ ਲੋਕਾਂ ਦੀਆਂ ਆਸਾਂ - ਮੁਰਾਦਾਂ ਪੂਰੀਆਂ ਹੋਇਆ ਕਰਨ ਗਿਆਂ। ਇਥੋਂ ਤੱਕ ਕੀ ਚਾਹੇ ਕੋਈ ਸਾਡਾ ਮੁਰੀਦ ਹੋਵੇ ਚਾਹੇ ਕੋਈ ਹੋਰ, ਕਿਸੇ ਵੀ ਧਰਮ ਦਾ ਕਿਸੇ ਵੀ ਮਜ਼ਹਬ ਦਾ ਹੋਵੇ ਜੋ ਸਾਨੂੰ (ਲੱਖਦਾਤਾ ਜੀ) ਸੱਚੇ ਦਿਲੋਂ ਯਾਦ ਕਰੇ ਗਾ ਤਾਂ ਅਸੀਂ (ਲੱਖਦਾਤਾ ਜੀ) ਉਸ ਦੀਆਂ ਝੋਲੀਆਂ ਮੁਰਾਦਾਂ ਨਾਲ ਭਰ ਦੇਵਾਂ ਗੇ।

ਸਮੇਂ ਦੀਆਂ ਹਕੂਮਤਾਂ ਨੇ ਦੇਸ਼ ਦਾ ਬਟਵਾਰਾ ਤਾਂ ਕਰ ਦਿਤਾ ਪਰ ਉਹ ਲੱਖਦਾਤਾ ਜੀ ਦੇ ਮੁਰੀਦਾਂ ਦੀ ਉਨ੍ਹਾਂ ਪ੍ਰਤੀ ਸ਼ਰਧਾ ਦਾ ਬਟਵਾਰਾ ਨਹੀ ਕਰ ਸਕੇ। ਇਸੇ ਲਈ ਅੱਜ ਵੀ ਦੋਵਾਂ ਦੇਸ਼ਾਂ (ਹਿੰਦੁਸਤਾਨ ਅਤੇ ਪਾਕਿਸਤਾਨ) ਦੇ ਵਿੱਚ ਲੱਖਦਾਤਾ ਜੀ ਦੇ ਨਾਮ ਤੇ ਮੇਲੇ ਲਗਦੇ ਹਨ ਅਤੇ ਉਨ੍ਹਾਂ ਦੇ ਚਿਰਾਗ ਰੋਸ਼ਨ ਹੁੰਦੇ ਹਨ।






# PEER NIGAHA UNA

ਸਖੀ ਸਰਵਰ, ਲੱਖਦਾਤਾ ਜੀ ਦੇ ਦੁਨੀਆ ਭਰ ਵਿੱਚ ਬਹੁਤ ਸਾਰੇ ਮੁਰੀਦ ਹੋਏ ਹਨ ਉਨ੍ਹਾਂ ਵਿਚੋ ਇੱਕ ਪੰਡਿਤ ਨਿਗਾਹੀਆ ਜੀ ਹਿਮਚਲ ਪ੍ਰਦੇਸ਼ ਵਿੱਚ ਪੈਂਦੇ ਜਿਲ੍ਹਾ ਊਨਾ ਤੋਂ 8 - 10 ਕਿਲੋਮੀਟਰ ਦੀ ਦੂਰੀ ਤੇ ਪੈਂਦੇ ਪਿੰਡ ਸੋਲੀ ਵਿੱਚ ਹੋਏ ਹਨ। ਪੰਡਿਤ ਨਿਗਾਹੀਆ ਜੀ ਨੂੰ ਕੋਹੜ ਹੋ ਗਿਆ ਸੀ। ਕੋਹੜੀ ਹੋਣ ਕਰਕੇ ਪਰਿਵਾਰ ਵਾਲੇ ਨਿਗਾਹੀਆ ਜੀ ਨਾਲ ਨਫ਼ਰਤ ਕਰਨ ਲਗ ਪਏ ਤੇ ਸੋਚਣ ਲਗੇ ਕੀ ਕੀਤੇ ਇਨ੍ਹਾਂ ਤੋਂ ਪਰਿਵਾਰ ਦੇ ਕਿਸੇ ਹੋਰ ਬੰਦੇ ਨੂੰ ਕੋਹੜ ਨਾ ਹੋ ਜਾਵੇ ਇਸ ਲਈ ਉਨਹਾਂ ਨੇ ਨਿਗਾਹੀਆ ਜੀ ਦਾ ਰਹਿਣਾ, ਖਾਣਾ- ਪੀਣਾ ਸਾਰਾ ਕੁਝ ਪਰਿਵਾਰ ਤੋਂ ਵੱਖਰਾ ਕਰ ਦਿਤਾ। ਇਸ ਗੱਲ ਨੂੰ ਲੈ ਕੇ ਨਿਗਾਹੀਆ ਜੀ ਬਹੁਤ ਦੁਖੀ ਰਹਿਣ ਲਗ ਪਏ। ਇੱਕ ਦਿਨ ਨਿਗਾਹੀਆ ਜੀ ਨੇ ਸੋਚਿਆ ਕੀ ਜੇ ਮੈਂ ਇਥੋਂ ਕੀਤੇ ਦੂਰ ਚਲਾ ਜਾਵਾਂ ਤਾਂ ਪਰਿਵਾਰ ਵਾਲੇ ਸੁਖੀ ਹੋ ਜਾਣ ਗੇ। ਇਹ ਸੋਚ ਕੇ ਨਿਗਾਹੀਆ ਜੀ ਘਰ ਤੋਂ ਚੱਲ ਪਏ। ਰਸਤੇ ਵਿੱਚ ਉਨਹਾਂ ਨੂੰ ਕੁਝ ਲੋਕ ਮਿਲੇ ਜੋ ਨੱਚਦੇ - ਗਾਉਂਦੇ ਅਤੇ ਢੋਲ ਵਜਾਉਂਦੇ ਹੋਏ ਜਾ ਰਹੇ ਸਨ। ਨਿਗਾਹੀਆ ਜੀ ਨੇ ਉਨਹਾਂ ਲੋਕਾਂ ਨੂੰ ਪੁਛਿਆ ਕੀ ਭਾਈ ਤੁਸੀਂ ਲੋਕ ਨੱਚਦੇ - ਗਾਉਂਦੇ ਕਿੱਥੇ ਜਾ ਰਹੇ ਹੋ ਤਾਂ ਉਨਹਾਂ ਨੇ ਜਵਾਬ ਦਿਤਾ ਕੀ ਅਸੀਂ ਆਪਣੇ ਪੀਰ ਲੱਖਦਾਤਾ ਜੀ ਦੇ ਦਰਬਾਰ ਪੀਰ ਨਿਗਾਹੇ ਮੁਲਤਾਨ (ਹੁਣ ਪਾਕਿਸਤਾਨ) ਜਾ ਰਹੇ ਹਾਂ ਉਹ ਸਾਰਿਆ ਦੀ ਮਨੋਕਾਮਨਾ ਪੂਰੀ ਕਰਦੇ ਹਨ। ਨਿਗਾਹੀਆ ਜੀ ਨੇ ਉਨਹਾਂ ਨੂੰ ਕੁਝ ਪੈਸੇ ਦੇਂਦਿਆ ਹੋਇਆ ਕਿਹਾ, ਮੇਹਰਬਾਨੀ ਕਰਕੇ ਮੇਰੀ ਇਹ ਭੇਂਟ ਪੀਰ ਲੱਖਦਾਤਾ ਜੀ ਦੇ ਦਰਬਾਰ ਵਿੱਚ ਚੜ੍ਹਾ ਦੇਣਾ ਅਤੇ ਅਰਦਾਸ ਕਰਨੀ ਕੀ ਮੈਂ ਇਸ ਰੋਗ (ਕੋਹੜ) ਤੋ ਮੁਕਤ ਹੋ ਜਾਵਾਂ। ਲੱਖਦਾਤਾ ਜੀ ਦੀ ਕੁਦਰਤ ਉਥੇ ਹੀ ਕੋਲ ਇੱਕ ਬੇ-ਔਲਾਦ ਮੀਆਂ - ਬੀਬੀ ਖੜੇ ਸਨ ਤੇ ਉਨਹਾਂ ਨੇ ਇਹ ਸਾਰਾ ਕਿੱਸਾ ਸੁਣਿਆ। ਘਰ ਜਾ ਕੇ ਉਨਹਾਂ ਮੀਆਂ - ਬੀਬੀ ਨੇ ਆਪਸ ਵਿੱਚ ਵਿਚਾਰ ਕੀਤਾ ਤੇ ਪੀਰ ਲੱਖਦਾਤਾ ਜੀ ਦੇ ਅਗੇ ਫਰਿਆਦ ਕੀਤੀ - ਹੇ ਪੀਰਾਂ ਦੇ ਪੀਰ ਲੱਖਦਾਤਾ ਜੀ ਅਸੀਂ ਬੇ-ਔਲਾਦ ਹਾਂ ਜੇ ਤੁਸੀਂ ਸਾਨੂੰ ਔਲਾਦ ਦਾ ਸੁਖ ਦੇਵੋਂ ਤਾਂ ਅਸੀਂ ਪਰਿਵਾਰ ਸਮੇਤ ਤੁਹਾਡੇ ਮੁਰੀਦ ਹੋ ਜਾਵਾਂ ਗੇ ਤੇ ਸਾਰੀ ਉਮਰ ਤੁਹਾਡੀ ਸੇਵਾ ਕਰਾਂਗੇ।

ਦੂਸਰੇ ਪਾਸੇ ਕੋਹੜੀ - ਨਿਗਾਹੀਆ ਜੀ ਸਮਾਧੀ ਲਗਾ ਕੇ ਪੀਰ ਲੱਖਦਾਤਾ ਜੀ ਦਾ ਧਿਆਨ ਕਰਨ ਲੱਗ ਪਏ। ਇੱਕ ਦਿਨ ਨਿਗਾਹੀਆ ਜੀ ਆਪਣੀ ਸਮਾਧੀ ਵਿੱਚ ਲੀਨ ਬੈਠੇ ਸਨ ਕੀ ਉਨਹਾਂ ਦੇ ਕੰਨੀ ਇੱਕ ਅਵਾਜ ਪਈ - "ਨਿਗਾਹੀਆ ਅੱਖਾਂ ਖੋਲ੍ਹ ਤੇ ਦੇਖ ਤੇਰੇ ਸਾਹਮਣੇ ਕੋਣ ਖੜ੍ਹਾ ਹੈ" ਜਿਦਾਂ ਹੀ ਨਿਗਾਹੀਆ ਜੀ ਨੇ ਆਪਣੀਆਂ ਅੱਖਾਂ ਖੋਲੀਆਂ ਤਾਂ ਖੁਲ੍ਹੀਆਂ ਹੀ ਰਹਿ ਗਈਆਂ - ਕੀ ਦੇਖਦੇ ਹਨ ਕੀ ਪੀਰ ਲੱਖਦਾਤਾ ਜੀ ਕੱਕੀ ਘੋੜੀ ਤੇ ਸਵਾਰ ਉਸਦੇ ਸਾਹਮਣੇ ਖੜੇ ਹਨ।

ਲੱਖਦਾਤਾ ਜੀ ਨੇ ਆਪਣੇ ਮੁਖਾਰਬਿੰਦ ਵਿਚੋਂ ਉਚਾਰਿਆ - ਨਿਗਾਹੀਆ ਤੇਰੀ ਸੱਚੀ ਸੇਵਾ ਤੇ ਪਿਆਰ ਤੋਂ ਅਸੀਂ ਬਹੁਤ ਖੁਸ਼ ਹਾਂ ਤੂੰ ਸਾਡੇ ਵੱਡੇ ਪੀਰ ਨਿਗਾਹੇ ਮੁਲਤਾਨ ਨਹੀ ਆ ਸਕਦਾ ਸੀ ਇਸੇ ਲੈ ਅਸੀਂ ਤੇਨੂੰ ਦਰਸ਼ਨ ਦੇਣ ਇੱਥੇ ਹੀ ਆ ਗਏ। ਨਿਗਾਹੀਆ ਆਪਣੇ ਮੁਰਸ਼ਦ ਪੀਰ ਲੱਖਦਾਤਾ ਜੀ ਨੂੰ ਇਕ ਟੁਕ ਦੇਖੀ ਜਾ ਰਿਹਾ ਸੀ ਫਿਰ ਬੇਨਤੀ ਕੀਤੀ ਕੀ - ਹੇ ਮੇਰੇ ਪੀਰਾਂ ਦੇ ਪੀਰ ਮੇਰੀ ਸੱਚੀ ਸਰਕਾਰ ਪੀਰ ਲੱਖਦਾਤਾ ਜੀ ਆਪਜੀ ਦਾ ਲੱਖ - ਲੱਖ ਧੰਨਵਾਦ ਕੀ ਤੁਸੀਂ ਮੇਰੇ ਵਰਗੇ ਪਾਪੀ ਕੋਹੜੀ ਨੂੰ ਦਰਸ਼ਨ ਦੇਣ ਵਾਸਤੇ ਇੱਥੇ ਚੱਲ ਕੇ ਆਏ ਇਹ ਕਹਿ ਕੇ ਨਿਗਾਹੀਆ ਜੀ ਰੋਣ ਲਗ ਪਏ। ਤਾਂ ਲੱਖਦਾਤਾ ਜੀ ਨੇ ਵਚਨ ਕੀਤਾ ਕੀ ਨਿਗਾਹੀਆ ਘਬਰਾ ਨਾ ਇਹ ਸਭ ਤੇਰੇ ਬੁਰੇ ਕਰਮਾ ਦਾ ਫਲ ਹੈ ਜਿਸ ਦੀ ਤੂੰ ਸਜਾ ਭੁਗਤ ਰਿਹਾ ਹੈ, ਪਿਛਲੇ ਜਨਮ ਵਿੱਚ ਤੂੰ ਸਾਡਾ ਮੁਰੀਦ ਤੇ ਬਹੁਤ ਨੇਕ ਇਨਸਾਨ ਸੀ ਇਸ ਲਈ ਅਸੀਂ ਤੈਨੂੰ ਇਸ ਜਨਮ ਵਿੱਚ ਵੀ ਹਰ ਖੁਸ਼ੀ ਦਿਤੀ, ਪਰ ਤੂੰ ਸਾਨੂੰ ਭੁੱਲ ਗਿਆ ਰਬ ਦੀ ਬੰਦਗੀ ਨੂੰ ਭੁੱਲ ਗਿਆ ਤੇ ਮੋਹ - ਮਾਯਾ ਦੇ ਜਾਲ ਵਿੱਚ ਫੱਸ ਗਿਆ ਬਸ ਇਹੋ ਤੇਰੀ ਗਲਤੀ ਹੈ ਜਿਸ ਦੀ ਤੂੰ ਸਜਾ ਭੁਗਤ ਰਿਹਾ ਹੈ। ਹੁਣ ਤੂੰ ਘਬਰਾ ਨਾ, ਤੂੰ ਵਾਪਿਸ ਰੱਬ ਦੀ ਰਾਹ ਤੇ ਆ ਗਿਆ ਹੈ ਤੇ ਹੁਣ ਸਭ ਕੁਝ ਪਿਹਲਾਂ ਵਾਂਗ ਠੀਕ ਹੋ ਜਾਵੇਗਾ। ਲੱਖਦਾਤਾ ਜੀ ਨੇ ਨਿਗਾਹੀਆ ਨੂੰ ਹੁਕਮ ਕਰਦੇ ਹੋਏ ਵਚਨ ਕੀਤਾ "ਇੱਥੇ ਕੋਲ ਹੀ ਪਾਂਡਵਾਂ ਦੀਆਂ ਬਨਾਈਆਂ ਹੋਈਆਂ ਗੁਫਾਵਾਂ ਹਨ, ਉਨਹਾਂ ਦੀ ਸਾਫ਼ - ਸਫਾਈ ਕਰਕੇ ਸਾਡੇ ਚਿਰਾਗ ਰੋਸ਼ਨ ਕਰ ਤੇ ਧੂਫ - ਬੱਤੀ ਕਰ ਕੇ ਸਾਡੀ ਭਗਤੀ ਕਰ ਜਦੋਂ ਵੀ ਤੂੰ ਸਾਨੂੰ ਯਾਦ ਕਰੇਗਾ ਤਾਂ ਅਸੀਂ ਜਰੂਰ ਹਾਜ਼ਿਰ ਹੋਵਾਂਗੇ" ਇਹ ਵਚਨ ਕਰਕੇ ਲੱਖਦਾਤਾ ਜੀ ਅਲੋਪ ਹੋ ਗਏ।

ਲੱਖਦਾਤਾ ਜੀ ਦਾ ਹੁਕਮ ਮਨੂ ਕੇ ਨਿਗਾਹੀਆ ਜੀ ਨੇ ਗੁਫਾਵਾਂ ਦੀ ਸਾਫ਼ - ਸਫਾਈ ਕੀਤੀ ਤੇ ਆਪਣੇ ਪੀਰ ਲੱਖਦਾਤਾ ਜੀ ਦੀ ਸੇਵਾ ਵਿੱਚ ਜੁਟ ਗਏ। ਸਮਾਂ ਬੀਤਦਾ ਗਿਆ, ਇੱਕ ਦਿਨ ਨਿਗਾਹੀਆ ਜੀ ਦਾ ਮੰਨ ਬਹੁਤ ਉਦਾਸ ਹੋ ਗਿਆ ਤੇ ਤੰਗ ਆ ਕੇ ਉਨਹਾਂ ਨੇ ਆਪਣੇ ਮੁਰਸ਼ਦ ਲੱਖਦਾਤਾ ਜੀ ਨੂੰ ਯਾਦ ਕੀਤਾ। ਲੱਖ ਦਾਤਾ ਜੀ ਨਿਗਾਹੀਆ ਜੀ ਦੀ ਫਰਿਆਦ ਸੁਨ ਕੇ ਉਸੇ ਵੇਲ੍ਹੇ ਪਰਗਟ ਹੋਏ। ਨਿਗਾਹੀਆ ਜੀ ਨੂੰ ਉਦਾਸ ਦੇਖ ਕੇ ਲੱਖਦਾਤਾ ਜੀ ਨੇ ਵਚਨ ਕੀਤਾ ਕੀ ਨਿਗਾਹੀਆ ਤੂੰ ਇਸ ਬੀਆਬਾਨ ਜੰਗਲ ਨੂੰ ਦੇਖ ਕੇ ਉਦਾਸ ਨਾ ਹੋ ਇੱਕ ਦਿਨ ਇੱਥੇ ਸਾਡਾ ਬਹੁਤ ਵਡਾ ਦਰਬਾਰ ਬਣੇਗਾ ਤੇ ਇੱਥੇ ਮੇਲੇ ਲਗਿਆ ਕਰਨ ਗੇ ਸਮਾਂ ਆਏਗਾ ਇਸ ਦੇਸ਼ ਦਾ ਬਟਵਾਰਾ ਹੋਵੇਗਾ ਇਸ ਪਾਸੇ ਦੇ ਸਾਡੇ ਮੁਰੀਦ ਇਸੇ ਜਗਾਹ ਤੇ ਮੱਥਾ ਟੇਕਣ, ਸੁਖਨਾ ਸੁਖਣ ਵਾਸਤੇ ਤੇ ਸੁਖਨਾ ਪੂਰੀ ਹੋਣ ਤੇ ਇਸ ਜਗਾਹ ਤੇ ਆਇਆ ਕਰਨਗੇ - ਤੇ ਨਾਲ ਹੀ ਵਚਨ ਕੀਤਾ ਕਿ ਦਿਲ ਨਾ ਛੱਡ ਤੇ ਮਨ ਲਾ ਕੇ ਸੇਵਾ ਕਰ, ਸੇਵਾ ਕਰ ਕੇ ਹੀ ਤੇਰਾ ਕੋਹੜ ਖਤਮ ਹੋਵੇਗਾ। ਇਹ ਵਚਨ ਕਰ ਕੇ ਲੱਖਦਾਤਾ ਜੀ ਅਲੋਪ ਹੋ ਗਏ।

ਦੂਜੇ ਪਾਸੇ ਬੇ-ਔਲਾਦ ਮੀਆਂ - ਬੀਬੀ ਦੀ ਫ਼ਰਿਆਦ ਕਬੂਲ ਹੋਈ ਤੇ ਸਮਾਂ ਆਉਣ ਤੇ ਉਨਹਾਂ ਦੇ ਘਰ ਇੱਕ ਬਹੁਤ ਹੀ ਸੋਹਣੇ ਤੇ ਸੁਨਖੇ ਬੱਚੇ (ਮੁੰਡੇ) ਨੇ ਜਨਮ ਲਿਆ। ਮੀਆਂ - ਬੀਬੀ ਪੁੱਤਰ ਦੀ ਦਾਤ ਪਾ ਕੇ ਬਹੁਤ ਖੁਸ਼ ਸਨ। ਥੋੜਾ ਸਮੇਂ ਬਾਅਦ ਦੋਵੇਂ ਮੀਆਂ - ਬੀਬੀ ਲੱਖਦਾਤਾ ਜੀ ਦਾ ਧੰਨਵਾਦ ਕਰਨ ਵਾਸਤੇ ਵੱਡੇ ਪੀਰ ਨਿਗਾਹੇ ਮੁਲਤਾਨ (ਪਾਕਿਸਤਾਨ) ਜਾਣ ਦੀ ਤਿਆਰੀ ਕਰਨ ਲਗਾ, ਤੇ ਦੂਜੇ ਪਾਸੇ ਲੱਖਦਾਤਾ ਜੀ ਨੇ ਨਿਗਾਹੀਆ ਜੀ ਨੂੰ ਦਰਸ਼ਨ ਦੇ ਕੇ ਹੁਕਮ ਕੀਤਾ, ਕੀ ਲਾਗਲੇ ਪਿੰਡ ਵਿੱਚ ਸਾਡੇ ਮੁਰੀਦ ਰਹਿੰਦੇ ਹਨ ਤੇ ਉਹ ਬੇ-ਔਲਾਦ ਸਨ ਤੇ ਅਸੀਂ ਉਨਹਾਂ ਨੂੰ ਪੁੱਤਰ ਦੀ ਦਾਤ ਬਖਸ਼ੀ ਹੈ ਤੇ ਹੁਣ ਉਹ ਆਪਣੀ ਸੁੱਖ ਲਾਉਣ ਵਾਸਤੇ ਸਾਡੇ ਵੱਡੇ ਪੀਰ ਨਿਗਾਹੇ ਮੁਲਤਾਨ (ਪਾਕਿਸਤਾਨ) ਜਾਣ ਦੀ ਤਿਆਰੀ ਕਰ ਰਹੇ ਹਨ, ਤੂੰ ਉਨਹਾਂ ਦੇ ਘਰ ਜਾ ਤੇ ਉਨਹਾਂ ਨੂੰ ਸਮਝਾ ਕੀ ਉਹ ਆਪਣੀ ਸੁੱਖ ਇਸੇ ਥਾਂ ਜਾਣੀ ਇੱਸੇ ਗੁਫ਼ਾ (ਪੀਰ ਨਿਗਾਹ ਊਨਾ) ਵਿੱਚ ਲੈ ਕੇ ਆਉਣ ਤੇ ਆਪਣੀ ਸੁੱਖ ਲਾਉਣ ਅਸੀਂ ਉਨਹਾਂ ਦੀ ਸੁੱਖ ਇੱਸੇ ਥਾਂ ਤੇ ਕਬੂਲ ਕਰਾਗੇ ਐਨਾ ਕਹਿ ਕੇ ਲੱਖਦਾਤਾ ਜੀ ਅਲੋਪ ਹੋ ਗਏ। ਦਾਤਾ ਜੀ ਦੇ ਕਹਿਣ ਤੇ ਨਿਗਾਹੀਆ ਜੀ ਉਨਹਾਂ ਮੀਆਂ - ਬੀਬੀ ਦੇ ਘਰ ਗਏ ਤੇ ਉਨਹਾਂ ਨੂੰ ਲੱਖਦਾਤਾ ਜੀ ਦਾ ਹੁਕਮ ਸੁਣਾ ਦਿਤਾ, ਪਰ ਉਨਹਾਂ ਨੇ ਨਿਗਾਹੀਆ ਜੀ ਦੇ ਇੱਕ ਨਾ ਸੁਣੀ ਸਗੋ ਨਿਗਾਹੀਆ ਜੀ ਨੂੰ ਕੋਹੜੀ ਕਹਿ ਕੇ ਬੁਲਾਇਆ, ਬਹੁਤ ਬੁਰਾ - ਭਲਾ ਕਿਹਾ ਤੇ ਧੱਕੇ ਮਾਰ ਕੇ ਘਰੋਂ ਬਾਹਰ ਕਢ ਦਿਤਾ। ਨਿਗਾਹੀਆ ਜੀ ਬੜੇ ਦੁਖੀ ਮਨ ਨਾਲ ਗੁਫ਼ਾ ਤੇ ਵਾਪਿਸ ਆ ਗਏ ਤੇ ਰੋਂਦੇ ਹੋਇਆ ਲੱਖਦਾਤਾ ਜੀ ਨੂੰ ਯਾਦ ਕੀਤਾ। ਲੱਖਦਾਤਾ ਜੀ ਨੇ ਨਿਗਾਹੀਆ ਜੀ ਦੀ ਫ਼ਰਿਆਦ ਸੁਣ ਕੇ ਪਰਗਟ ਹੋਏ ਤੇ ਵਚਨ ਕੀਤਾ ਨਿਗਾਹੀਆ ਤੂੰ ਆਪਣੀ ਪ੍ਰੀਖਿਆ ਵਿਚੋਂ ਪਾਸ ਹੋ ਗਿਆ ਹੈ ਰੋ ਨਾ ਤੇਰੇ ਸਾਰੇ ਦੁੱਖ ਕੱਟੇ ਜਾਣਗੇ, ਤੂੰ ਫਿਕ੍ਰ ਨਾ ਕਰ ਜਿਨ੍ਹਾਂ ਨੇ ਤੇਰਾ ਨਿਰਾਦਰ ਕੀਤਾ ਹੈ ਉਨਹਾਂ ਨੂੰ ਸਜਾ ਜਰੂਰ ਮਿਲੇਗੀ ਤੇ ਉਹ ਆਪਣੀ ਸੁੱਖ ਇੱਸੇ ਅਸਥਾਨ ਇੱਸੇ ਗੁਫ਼ਾ ਵਿੱਚ ਦੇਣ ਵਾਸਤੇ ਆਉਣਗੇ ਤੇ ਤੇਰੇ ਤੋਂ ਮਾਫ਼ੀ ਵੀ ਮੰਗਣਗੇ, ਤੇ ਨਾਲ ਹੀ ਇਸ਼ਾਰਾ ਕਰਦੇ ਹੋਇਆ ਵਚਨ ਕੀਤਾ ਕੇ ਹੁਣ ਤੂੰ ਜਾ ਤੇ ਸਾਹਮਣੇ ਵਾਲੀ ਛਪੜੀ (ਤਲਾਬ) ਵਿੱਚ ਨਹਾ ਅੱਜ ਤੇ ਤੇਰਾ ਸਾਰਾ ਕੋਹੜ ਖਤਮ ਹੋ ਜਾਵੇਗਾ ਤੇ ਤੂੰ ਪਿਹਲਾਂ ਵਾਂਗ ਤੰਦਰੁਸਤ ਹੋ ਜਾਵੇਗਾ ਤੇ ਵਾਪਿਸ ਆ ਕੇ ਦਰਬਾਰ ਤੇ ਸੇਵਾ ਕਰ ਤੇ ਨਿਹਾਗੀਆ ਜੀ ਨੂੰ ਆਸ਼ੀਰਵਾਦ ਦੇ ਕੇ ਲੱਖਦਾਤਾ ਜੀ ਅਲੋਪ ਹੋ ਗਏ। ਲੱਖ ਦਾਤਾ ਜੀ ਦੇ ਵਚਨ ਪੂਰਾ ਹੋਇਆ ਜਿਦਾ ਹੀ ਨਿਗਾਹੀਆ ਜੀ ਛਪੜੀ ਵਿਚੋਂ ਨਹਾ ਕੇ ਬਾਹਰ ਨਿਕਲੇ ਤੇ ਉਨ੍ਹਾਂ ਦਾ ਸਾਰਾ ਕੋਹੜ ਖਤਮ ਹੋ ਗਿਆ ਤੇ ਉਹ ਪਿਹਲਾਂ ਵਾਂਗ ਤੰਦਰੁਸਤ ਹੋ ਗਏ। ਦੂਜੇ ਪਾਸੇ ਮੀਆਂ - ਬੀਬੀ ਦੇ ਘਰ ਉਨਹਾਂ ਦਾ ਪੁੱਤਰ ਬੀਮਾਰ ਹੋ ਗਿਆ, ਉਨਹਾਂ ਨੇ ਬਹੁਤ ਦਵਾ - ਦਾਰੂ ਕੀਤਾ ਪਰ ਕੋਈ ਫਾਇਦਾ ਨਹੀ ਹੋਇਆ ਫਿਰ ਆਪਣੇ ਮੁਰਸ਼ਿਦ ਪੀਰ ਲੱਖਦਾਤਾ ਜੀ ਦੇ ਅੱਗੇ ਫ਼ਰਿਆਦ ਕਰਨ ਲਗੇ। ਇਕ ਦਿਨ ਬੱਚੇ ਦਾ ਬਹੁਤ ਬੁਰਾ ਹਾਲ ਹੋ ਗਿਆ ਤੇ ਸਾਰਾ ਟੱਬਰ ਬੱਚੇ ਦੇ ਮੰਜੇ ਕੋਲ ਬੈਠ ਕੇ ਰੋਣ ਲੱਗਾ, ਤੇ ਅਚਾਨਕ ਉਨਹਾਂ ਨੂੰ ਇਕ ਆਵਾਜ ਸੁਨਾਈ ਦਿਤੀ - " ਤੁਸੀਂ ਮੇਰੇ ਮੁਰੀਦ ਨਿਗਾਹੀਆ ਦਾ ਬਹੁਰ ਅਪਮਾਨ ਕੀਤਾ ਹੈ ਤੇ ਉਸ ਨੂੰ ਕੋਹੜੀ ਕਹਿ ਕੇ ਬੁਲਾਇਆ ਤੇ ਤੁਸੀਂ ਉਸ ਨੂੰ ਧੱਕੇ ਮਾਰ ਕੇ ਘਰੋਂ ਬਾਹਰ ਕਢਿਆ ਤੇ ਸਾਡਾ ਵਚਨ ਨਹੀ ਮੰਨਿਆ ਇੱਸੇ ਕਰ ਕੇ ਤੁਹਾਨੂੰ ਇਹ ਸਜਾ ਮਿਲੀ ਹੈ ਜੇ ਆਪਣੀ ਸਲਾਮਤੀ ਚਾਹੁੰਦੇ ਹੋ ਤਾਂ ਜਾਓ ਤੇ ਮੇਰੇ ਮੁਰੀਦ ਨਿਗਾਹੀਆ ਤੇ ਮਾਫ਼ੀ ਮੰਗੋ ਅਤੇ ਸਾਡੇ ਵੱਡੇ ਪੀਰ ਨਿਗਾਹੇ ਜਾਣ ਦੀ ਬਜਾਏ ਉਸੇ ਤਰ੍ਹਾ ਕਰੋ ਜਿਸ ਤਰ੍ਹਾ ਨਿਗਾਹੀਆ ਨੇ ਤੁਹਾਨੂੰ ਸਮਝਾਇਆ ਸੀ ਤੇ ਆਪਣੀ ਸੁਖਨਾ ਉਸੇ ਗੁਫ਼ਾ ਵਿੱਚ ਪੂਰੀ ਕਰੋ ਤੇ ਤੁਹਾਡਾ ਪੁੱਤਰ ਠੀਕ ਹੋ ਜਾਵੇਗਾ ਉਵੇਂ ਹੀ ਕਰਨਾ ਜਿਦਾਂ ਅਸੀਂ ਤੁਹਾਨੂੰ ਵਚਨ ਕੀਤਾ ਹੈ।

ਲੱਖਦਾਤਾ ਜੀ ਦਾ ਹੁਕਮ ਮਨ ਕੇ ਸਾਰਾ ਪਰਿਵਾਰ ਗੁਫ਼ਾ ਤੇ ਢੋਲ ਬਾਜੇ ਦੇ ਨਾਲ ਨਚਦਾ ਗਾਉਂਦਾ ਆਪਣੀ ਸੁਖਨਾ ਪੂਰੀ ਕਰਨ ਵਾਸਤੇ ਗਿਆ ਤੇ ਲੱਖਦਾਤਾ ਜੀ ਦਾ ਲੱਖ - ਲੱਖ ਸ਼ੁਕਰ ਮਨਾਇਆ ਤੇ ਨਾਲ ਹੀ ਨਿਗਾਹੀਆ ਜੀ ਤੋਂ ਮਾਫ਼ੀ ਮੰਗੀ ਤੇ ਉਨਹਾਂ ਨੂੰ ਠੀਕ ਹੋਇਆ ਦੇਖ ਹੋਰ ਵੀ ਖੁਸ਼ ਹੋਏ। ਲੱਖਦਾਤਾ ਜੀ ਦੇ ਜੇਕਾਰੇ ਲਾਉਂਦੇ ਹੋਇਆ ਖੁਸ਼ੀ - ਖੁਸ਼ੀ ਘਰ ਵਾਪਿਸ ਆਏ।

ਉਸ ਦਿਨ ਤੋ ਲੇ ਕੇ ਨਿਗਾਹੀਆ ਜੀ ਨੇ ਆਪਣੇ ਆਖਰੀ ਸਵਾਸ ਤਕ ਇਨ੍ਹਾਂ ਗੁਫਾਵਾਂ ਵਿੱਚ ਲੱਖਦਾਤਾ ਜੀ ਦੀ ਭਗਤੀ ਕੀਤੀ ਤੇ ਨਿਗਾਹੀਆ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਉਨਹਾਂ ਦੀ ਸਮਾਧੀ ਇਸੇ ਗੁਫਾ ਵਿੱਚ ਬਣਾ ਦਿਤੀ। ਜਿਸ ਸਮਾਧ ਦੇ ਤੁਸੀਂ ਸਾਰੇ ਦਰਸ਼ਨ ਕਰਦੇ ਹੋ, ਮਥਾ ਟੇਕਦੇ ਹੋ ਉਹ ਸਮਾਧ ਪੰਡਿਤ ਨਿਗਾਹੀਆ ਜੀ ਦੀ ਹੈ। ਵੇਸਾਖੀ ਵਾਲੇ ਦਿਨ ਇਸ ਸਮਾਧ ਨੂੰ ਨਵਾਇਆ ਜਾਂਦਾ ਹੈ ਤੇ ਸਮਾਧ ਤੇ ਪਹਿਲੀ ਚਾਦਰ ਨਿਗਾਹੀਆ ਜੀ ਦੇ ਪਰਿਵਾਰ ਦੀ ਚੜਾਈ ਜਾਂਦੀ ਹੈ ਤੇ ਦੂਸਰੀ ਪੀਰ ਨਿਗਾਹਾ ਮੰਦਿਰ ਟ੍ਰਸਟ (ਊਨਾ) ਦੀ ਚੜਾਈ ਜਾਂਦੀ ਹੈ। ਉਸ ਤੋਂ ਬਾਅਦ ਬਾਕੀ ਸਾਰੀ ਸੰਗਤ ਦੀਆਂ ਚਾਦਰਾਂ ਚੜਾਈਆਂ ਜਾਂਦੀਆਂ ਹਨ।

ਪੀਰ ਨਿਗਾਹਾ ਵਿੱਚ ਬਾਨ ਦੀ ਮੰਜੀ ਤੇ ਸੋਨਾ ਮਨ੍ਹਾ ਹੈ, ਇੱਥੇ ਜਿਹੜਾ ਵੀ ਬੰਦਾ ਰਹਿੰਦਾ ਹੈ ਉਹ ਜਾਂ ਤਾਂ ਜਮੀਨ ਤੇ ਸੌਂਦਾ ਹੈ ਜਾ ਫਿਰ ਮੰਜੀ ਨੂੰ ਲੋਹੇ ਦੀਆਂ ਪੱਤਿਆਂ ਨਾਲ ਬਣਵਾਉਂਦਾ ਹੈ ਹੁਣ ਸ਼ਾਯਦ ਹੀ ਕਿਸੇ ਕੋਲ ਅਜਿਹੀ ਮੰਜੀ ਹੋਵੇ। ਇਸ ਜਗਾਹ ਤੇ ਤੇਲ ਦੀ ਤਲਾਈ ਕਰਨਾ, ਲੱਸੀ ਰਿੜਕਣਾ ਤੇ ਗ੍ਰਿਹਸਤ ਵਿੱਚ ਰਹਿਣਾ ਸਖ਼ਤ ਮਨਾ ਹੈ।

# ਇਤਿਹਾਸ ਪੀਰ ਨਿਗਾਹਾ - ਔੜ

## ਨਿਮ ਦਾ ਇਤਿਹਾਸ :

ਪੀਰ ਨਿਗਾਹਾ (ਚੱਕਦਾਨਾਂ, ਉੜਾਪਰ, ਔੜ) ਅਸਥਾਨ ਦੇ ਵਿਹੜੇ ਵਿਚ ਜੋ ਨਿਮ ਲੱਗੀ ਹੈ ਉਹ 500 ਸਾਲ ਤੋ ਵੀ ਵੱਧ ਪੁਰਾਣੀ ਹੈ। ਇੱਕ ਵਾਰ ਦੀ ਗੱਲ੍ਹ ਹੈ ਕਿ ਸਾਂਈ ਸ਼ਰਨ ਦਾਸ ਨੇ ਨਿਮ ਨੂੰ ਕੱਟਵਾਨ ਦੀ ਗੱਲ੍ਹ ਕੀਤੀ ਤੇ ਉਸ ਰਾਤ ਸਾਂਈ ਸ਼ਰਨ ਦਾਸ ਜੀ ਦੀ ਸਿਹਤ ਬਹੁਤ ਖਰਾਬ ਹੋ ਗਈ ਤੇ ਸਾਰੀ ਰਾਤ ਉਹ ਬਹੁਤ ਤੰਗ ਰਹੇ। ਸਵੇਰੇ ਉਠਦੇ ਹੀ ਦਰਬਾਰ ਤੇ ਮਥਾ ਟੇਕਿਆ ਤੇ ਕਿਹਾ ਕੀ ਇਸ ਨਿਮ ਨੂੰ ਕਦੇ ਵੀ ਨਾ ਛੇੜਨਾ, ਉਸ ਦਿਨ ਤੋ ਬਾਅਦ ਅੱਜ ਤੱਕ ਇਹ੍ਹ ਨਿਮ ਉਵੇਂ ਦੀ ਉਵੇਂ ਹੀ ਖੜੀ ਹੈ।

## ਛਿੰਜ ਦਾ ਇਤਿਹਾਸ :

ਪਹਿਲੀ ਛਿੰਜ ਪੀਰ ਨਿਗਾਹਾ (ਔੜ) ਵਿਖੇ ਸੰਨ 1954 ਵਿੱਚ ਸਾਂਈ ਸ਼ਰਨ ਦਾਸ ਜੀ ਨੇ 13 ਰੁਪੇ ਵਿੱਚ ਪਵਾਈ ਸੀ, ਤੇ ਇਸ ਵਾਰ ਸੰਨ 2014 ਵਿੱਚ, ਇਹ 61ਵੀਂ ਛਿੰਜ ਪਈ ਹੈ। 1955 ਤੋਂ ਲੇ ਕੇ 1963 ਤਕ ਮਤਲਬ ਅਗਲੀਆਂ 19 ਛਿੰਜ ਸਰਦਾਰ ਸ਼ਿਵ ਸਿੰਘ ਭੋਪਾਲ ਹੁਣਾਂ ਨੇ ਕਰਵਾਈਆਂ। ਅੱਜ ਪੀਰ ਨਿਗਾਹਾ (ਔੜ) ਦਰਬਾਰ ਦਾ ਟ੍ਰਸਟ ਬਣ ਗਿਆ ਹੈ ਜੋ ਸਾਰੇ ਦਰਬਾਰ ਦੀ ਦੇਖ - ਰੇਖ ਕਰ ਰਿਹਾ ਹੈ। ਛਿੰਜ ਮੇਲੇ ਦਾ ਪ੍ਰੋਗਰਾਮ ਹਰ ਸਾਲ ਹੇਠ ਲਿਖੇ ਮੁਤਾਬਿਕ ਹੁੰਦਾ ਹੈ :

- 1. ਦਸੰਬਰ 1 ਨੂੰ ਅਖੰਡ ਪਾਠ ਦਾ ਆਰੰਭ।
- 2. ਦਸੰਬਰ 2 ਨੂੰ ਗੱਡੀਆਂ ਦੀਆਂ ਦੋੜਾਂ।
- 3. ਦਸੰਬਰ 3 ਨੂੰ ਅਖੰਡ ਪਾਠ ਦਾ ਭੋਗ, ਗੀਤਕਾਰਾਂ ਦਾ ਪ੍ਰੋਗਰਾਮ।
- 4. ਦਸੰਬਰ 4 ਨੂੰ ਲੋਕਗੀਤਾਂ ਤੇ ਨਕਲੀਆਂ (ਨਕਲਾਂ) ਦਾ ਪ੍ਰੋਗਰਾਮ ਹੁੰਦਾ ਹੈ।
- 5. ਦਸੰਬਰ 5 ਨੂੰ ਨਕਲਾਂ ਤੇ ਬਾਅਦ ਦੁਪਿਹਰ 1 ਵਜੇ ਛਿੰਜ ਸ਼ੁਰੂ ਹੁੰਦੀ ਹੈ ਤੇ ਦੇਰ ਸ਼ਾਮ ਤਕ ਚਲਦੀ ਹੈ।

## ਭੋਰੇ ਦਾ ਇਤਿਹਾਸ :

ਪੀਰ ਨਿਗਾਹਾ ਔੜ ਵਿਖੇ ਸਾਂਈ ਪਿਆਰਾ ਦਾਸ ਜੀ ਨੇ ਭੋਰਾ ਖੁਦਵਾਇਆ ਤੇ ਕਈ ਸਾਲ ਇਸ ਭੋਰੇ ਵਿੱਚ ਤੱਪਸਿਆ ਕੀਤੀ।

## ਛਿੰਜ ਦੇ ਇਨਾਮ :

- ਬੁਲੇਟ ਮੋਟੋਰ੍ਸਾਯ੍ਕਲ।
- ਸੋਨੇ ਦੀਆਂ ਮੁੰਦਰੀਆਂ।
- ਸੋਨੇ ਦੇ ਕੜੇ।
- ਨਗਦ ਇਨਾਮ।

## ਖਾਸ ਗਲ੍ਹ :

ਛਿੰਜ ਮੇਲੇ ਦੇ ਸਾਰੇ ਇਨਾਮ ਲੋਕਾਂ (ਸੰਗਤਾਂ) ਵੱਲੋ ਹੁੰਦੇ ਹਨ, ਜਿਨਾ ਲੋਕਾਂ ਦੀਆਂ ਮਨੋਕਾਮਨਾਵਾਂ ਪੀਰ ਨਿਗਾਹਾ (ਔੜ) ਵਿਖੇ ਪੂਰੀਆਂ ਹੁੰਦੀਆਂ ਹਨ ਤਾਂ ਉਨ੍ਹਾਂ ਵੱਲੋ ਦਿੱਤੇ ਦਾਨ ਵਿਚੋ ਹੀ ਇਹ ਸਾਰੇ ਇਨਾਮ ਪਹਿਲਵਾਨਾਂ ਨੂੰ ਦਿੱਤੇ ਜਾਂਦੇ ਹਨ।

## ਨੋਗ਼ਜਾ ਪੀਰ ਦਰਬਾਰ :

ਪੀਰ ਨਿਗਾਹਾ ਔੜ ਵਾਲੇ ਦਰਬਾਰ ਦੇ ਬਿਲਕੁਲ ਨਾਲ ਹੀ ਨੋਗ਼ਜਾ ਪੀਰ ਜੀ ਦਾ ਦਰਬਾਰ ਵੀ ਹੈ।

## ਬੋਲਦਾਂ ਦੀਆਂ ਦੋੜਾਂ ਦੇ 5 ਇਨਾਮ :

ਪਹਿਲੀ ਛਿੰਜ ਪੀਰ ਨਿਗਾਹਾ (ਔੜ) ਵਿਖੇ ਸੰਨ 1954 ਵਿੱਚ ਸਾਂਈ ਸ਼ਰਨ ਦਾਸ ਜੀ ਨੇ 13 ਰੁਪੇ ਵਿੱਚ ਪਵਾਈ ਸੀ, ਤੇ ਇਸ ਵਾਰ ਸੰਨ 2014 ਵਿੱਚ, ਇਹ 61ਵੀਂ ਛਿੰਜ ਪਈ ਹੈ। 1955 ਤੋਂ ਲੇ ਕੇ 1963 ਤਕ ਮਤਲਬ ਅਗਲੀਆਂ 19 ਛਿੰਜ ਸਰਦਾਰ ਸ਼ਿਵ ਸਿੰਘ ਭੋਪਾਲ ਹੁਣਾਂ ਨੇ ਕਰਵਾਈਆਂ। ਅੱਜ ਪੀਰ ਨਿਗਾਹਾ (ਔੜ) ਦਰਬਾਰ ਦਾ ਟ੍ਰਸਟ ਬਣ ਗਿਆ ਹੈ ਜੋ ਸਾਰੇ ਦਰਬਾਰ ਦੀ ਦੇਖ - ਰੇਖ ਕਰ ਰਿਹਾ ਹੈ। ਛਿੰਜ ਮੇਲੇ ਦਾ ਪ੍ਰੋਗਰਾਮ ਹਰ ਸਾਲ ਹੇਠ ਲਿਖੇ ਮੁਤਾਬਿਕ ਹੁੰਦਾ ਹੈ :

- 1. 5100 ਰੁਪੇ, ਸਰੋਪਾਂ ਅਤੇ ਦੋ ਪੀਪੇ ਦੇਸੀ ਘਿਓ ਦੇ ਤੇ ਬੋਲਦਾਂ ਨੂੰ ਦੁਸ਼ਾਲੇ (ਝੂਲ)।
- 2. 4100 ਰੁਪੇ, ਸਰੋਪਾਂ ਅਤੇ ਦੋ ਪੀਪੇ ਦੇਸੀ ਘਿਓ ਦੇ ਤੇ ਬੋਲਦਾਂ ਨੂੰ ਦੁਸ਼ਾਲੇ (ਝੂਲ)।
- 3. 3100 ਰੁਪੇ, ਸਰੋਪਾਂ ਅਤੇ ਦੋ ਪੀਪੇ ਦੇਸੀ ਘਿਓ ਦੇ ਤੇ ਬੋਲਦਾਂ ਨੂੰ ਦੁਸ਼ਾਲੇ (ਝੂਲ)।
- 4. 2100 ਰੁਪੇ, ਸਰੋਪਾਂ ਅਤੇ ਦੋ ਪੀਪੇ ਦੇਸੀ ਘਿਓ ਦੇ ਤੇ ਬੋਲਦਾਂ ਨੂੰ ਦੁਸ਼ਾਲੇ (ਝੂਲ)।
- 5. 1100 ਰੁਪੇ, ਸਰੋਪਾਂ ਅਤੇ ਇੱਕ ਪੀਪੇ ਦੇਸੀ ਘਿਓ ਦੇ ਤੇ ਬੋਲਦਾਂ ਨੂੰ ਦੁਸ਼ਾਲੇ (ਝੂਲ)

# PEER NIGAHA MOGA



## ਇਤਿਹਾਸ ਕਹਿੰਦਾ ਹੈ ਕਿ ਲੱਖਦਾਤਾ ਪੀਰ ਜੀ ਦੇ 4 ਨਿਗਾਹੇ ਹਨ

- 1. ਪਹਿਲਾ ਤੇ ਵੱਡਾ ਪੀਰ ਨਿਗਾਹਾ ਡੇਰਾ ਗਾਜ਼ੀ ਖਾਨ, ਮੁਲਤਾਨ (ਪਾਕਿਸਤਾਨ)
- 2. ਦੂਸਰਾ ਪੀਰ ਨਿਗਾਹਾ ਪਿੰਡ ਬਸੋਲੀ ਜਿਲ੍ਹਾ ਉਨਾ, ਹਿਮਾਚਲ ਪ੍ਰਦੇਸ਼
- 3. ਤੀਸਰਾ ਪੀਰ ਨਿਗਾਹਾ ਗੜ੍ਹੀ ਅਜੀਤ ਸਿੰਘ ਨੇੜੇ ਔੜ ਜਿਲ੍ਹਾ ਨਵਾਂਸ਼ਹਿਰ, ਪੰਜਾਬ
- 4. ਚੋਥਾ ਪੀਰ ਨਿਗਾਹਾ ਪਿੰਡ ਲੰਗਇਆਨਾ ਨੇੜੇ ਬਾਘਾਪੁਰਾਣਾ ਜਿਲ੍ਹਾ ਮੋਗਾ, ਪੰਜਾਬ

ਬਾਘਾਪੁਰਾਣਾ ਤੋ ਕੋਈ 2-3 ਕਿਲੋਮੀਟਰ ਦੀ ਦੂਰੀ ਤੇ ਛੋਟਾ ਜਿਹਾ ਪਿੰਡ ਲੰਗਇਆਨਾ ਹੈ, ਜਿਸ ਦੇ ਸਜੇ ਪਾਸੇ ਬਹੁਤ ਹੀ ਸੋਹਣਾ ਲੱਖਦਾਤਾ ਪੀਰ ਜੀ ਦਾ ਦਰਬਾਰ ਹੈ। ਪਿੰਡ ਦੇ ਬਾਹਰਲੇ ਪਾਸੇ ਤੋ ਹੀ ਦਰਬਾਰ ਦੇ ਰੋਜੇ ਦੇ ਉੱਪਰ ਬਣੇ ਸੋਹਣੇ ਗੁਮ੍ਬਦ ਦੇ ਦਰਸ਼ਨ ਦੀਦਾਰ ਸੰਗਤਾਂ ਦਾ ਮੰਨ ਮੋਹ ਲੈਂਦਾ ਹੈ।

ਇਸ ਦਰਬਾਰ ਦਾ ਇਤਿਹਾਸ ਬਹੁਤ ਹੀ ਅਲਗ ਹੈ। ਜਿਸ ਜਗ੍ਹਾ ਤੇ ਅੱਜ ਪੀਰ ਨਿਗਾਹਾ ਦਰਬਾਰ ਸੁਸ਼ੋਭਿਤ ਹੈ ਉਸ ਜਗ੍ਹਾ ਤੇ ਛੋਲੀਏ ਦੇ ਖੇਤ ਹੁੰਦੇ ਸਨ ਤੇ ਬਾਬਾ ਬੁਧੂ ਸ਼ਾਹ ਜੀ ਜੋ ਕਿ ਅਖਾਂ ਤੇ ਬਿਲਕੁਲ ਨਹੀ ਸੀ ਦੇਖ ਸਕਦੇ ਉਨ੍ਹਾਂ ਖੇਤਾਂ ਦੀ ਰਾਖੀ ਬੈਠੇ ਸਨ। ਅੰਨਾਂ ਬੰਦਾ ਕੀ ਰਾਖੀ ਕਰ ਸਕਦਾ, ਪਰ ਬਾਬਾ ਬੁਧੂ ਸ਼ਾਹ ਜੀ ਜਦੋ ਵੀ ਕੋਈ ਜਾਨਵਰ ਜਾਂ ਪੰਛੀ ਦੀ ਆਵਾਜ਼ ਸੁਣਦੇ ਤਾਂ ਹੁਰ੍ਰਹੁਰ - ਹੁਰ੍ਰਹੁਰ ਕਰ ਕੇ ਉਨ੍ਹਾਂ ਨੂੰ ਉਥੋਂ ਭਜਾ / ਉੜਾ ਦੇਂਦੇ। ਇਸ ਤਰ੍ਹਾਂ ਉਨ੍ਹਾਂ ਦੀ ਜਿੰਦਗੀ ਚੱਲ ਰਹੀ ਸੀ। ਪਰ ਰੱਬ ਨੂੰ ਕੁਛ ਹੋਰ ਹੀ ਮੰਜੂਰ ਸੀ।

ਇਕ ਵਾਰ ਲੱਖਦਾਤਾ ਪੀਰ ਜੀ ਆਪਣੀ ਕੱਕੀ ਘੋੜੀ ਤੇ ਸਵਾਰ ਹੋ ਕੇ ਇਸੇ ਪਿੰਡ (ਲੰਗਇਆਨਾ) ਵਿੱਚ ਆਏ, ਤੇ ਛੋਲਿਆਂ ਦੀ ਰਾਖੀ ਬੈਠੇ ਬਾਬਾ ਬੁਧੂ ਸ਼ਾਹ ਜੀ ਨੂੰ ਸਰਦਾਰਾਂ ਵਾਲੀ ਮਾਨਸਾ ਦਾ ਰਾਸਤਾ ਪੁਛਿਆ। ਬਾਬਾ ਬੁਧੂ ਸ਼ਾਹ ਜੀ ਨੇ ਬੜੀ ਲਹਿਮੀਅਤ ਤੇ ਅਦਬ ਨਾਲ ਜਵਾਬ ਦਿਤਾ ਕਿ ਮੈਂ ਤਾਂ ਅਖਾਂ ਤੋ ਅੰਨਾਂ ਹਾਂ ਜੀ ਮੈਂ ਤੁਹਾਨੂੰ ਕੀ ਰਾਸਤਾ ਦੱਸ ਸਕਦਾ ਤੁਸੀਂ ਕਿਸੇ ਹੋਰ ਤੋਂ ਰਾਹ ਪੁਛ ਲਵੋ। ਤਾਂ ਸਰਕਾਰ ਨੇ ਕੇਹਾ ਤੂੰ ਵੀ ਤਾਂ ਰਾਸਤਾ ਦਸ ਸਕਦਾ ਹੈ ਚਲ ਸਾਨੂੰ ਇਸ਼ਾਰੇ ਨਾਲ ਹੀ ਦੱਸ ਦੇ ਕਿ ਅਸੀਂ ਕਿਸ ਪਾਸੇ ਵੱਲ ਜਾਈਏ, ਤਾਂ ਬਾਬਾ ਬੁਧੂ ਸ਼ਾਹ ਜੀ ਨੇ ਬੈਠੇ - ਬੈਠੇ ਆਪਣੀ ਬਾਹ ਚੁੱਕ ਕੇ ਇਸ਼ਾਰੇ ਨਾਲ ਰਾਹ ਦੱਸ ਦਿਤਾ। ਲੱਖਦਾਤਾ ਪੀਰ ਜੀ ਨੇ ਕਿਹਾ ਕਿ ਇਸ ਤਰ੍ਹਾਂ ਨਹੀ, ਆਪਣੀ ਜਗ੍ਹਾ ਤੇ ਖੜੇ ਹੋ ਕੇ ਦਸੋ, ਤਾਂ ਬਾਬਾ ਬੁਧੂ ਸ਼ਾਹ ਜੀ ਨੇ ਕੇਹਾ ਠੀਕ ਹੈ ਜਨਾਬ ਜੋ ਤੁਹਾਡੀ ਇਛਾ। ਬਾਬਾ ਬੁਧੂ ਸ਼ਾਹ ਜੋ ਬੜੀ ਹਿਮਤ ਕਰ ਕੇ ਆਪਣੀ ਜਗ੍ਹਾ ਤੇ ਖੜੇ ਹੋ ਗਏ ਤੇ ਜੀਦਾਂ ਹੀ ਉਨ੍ਹਾਂ ਨੇ ਸਰਦਾਰਾਂ ਵਾਲੀ ਮਾਨਸਾ ਵੱਲ ਆਪਣੀ ਸਜੀ ਬਾਹ ਚੁਕ ਕੇ ਇਸ਼ਾਰਾ ਕੀਤਾ ਤੇ ਕੀ ਦੇਖਦੇ ਨੇ ਕੀ ਉਨ੍ਹਾਂ ਨੂੰ ਸਰਦਾਰਾਂ ਵਾਲੀ ਮਾਨਸਾ ਪਿੰਡ ਦਿਖਾਈ ਦੇਣ ਲੱਗ ਪਿਆ, ਇਕ ਪਲ ਵਾਸਤੇ ਤਾਂ ਬਾਬਾ ਬੁਧੂ ਸ਼ਾਹ ਜੀ ਹੈਰਾਨ ਹੋ ਗਏ ਤੇ ਜਿਸ ਤਰ੍ਹਾ ਉਨ੍ਹਾਂ ਨੇ ਲੱਖਦਾਤਾ ਪੀਰ ਜੀ ਨੂੰ ਆਪਣੀ ਕੱਕੀ ਘੋੜੀ ਤੇ ਸਵਾਰ ਦੇਖਿਆ ਤਾਂ ਪੈਰਾਂ ਵਿੱਚ ਡਿਘ ਪਏ ਤੇ ਲੱਖਦਾਤਾ ਪੀਰ ਜੀ ਦਾ ਲੱਖ - ਲੱਖ ਸ਼ੁਕਰ ਕਰਨ ਲਗੇ। ਤਾਂ ਉਸ ਵੇਲੇ ਲੱਖਦਾਤਾ ਪੀਰ ਜੀ ਨੇ ਵਚਨ ਕੀਤਾ ਕੇ ਬੁਧੂ ਸ਼ਾਹ ਜੀ ਤੁਸੀਂ ਇਸ ਜਗ੍ਹਾ ਤੇ ਬੈਠ ਕੇ ਸਾਡੀ ਭਗਤੀ ਕਰੋ, ਕੋਈ ਸਮਾਂ ਆਏ ਗਾ, ਇਸੇ ਥਾਂ ਤੇ ਸਾਡਾ ਦਰਬਾਰ ਬਣੇ ਗਾ ਤੇ ਇਸੇ ਜਗ੍ਹਾ ਤੇ ਸਾਡੇ ਮੇਲੇ ਲਗਿਆ ਕਰਨ ਗੇ, ਸੰਗਤਾਂ ਦੀਆਂ ਮਨੋ - ਕਾਮਨਾਵਾਂ ਪੂਰੀਆਂ ਹੋਇਆ ਕਰਨ ਗੀਆ ਤੇ ਓਹ ਆਪਣੀਆਂ ਸੁਖਾਂ ਇਸ ਦਰਬਾਰ ਤੇ ਪੂਰੀਆਂ ਕਰਨ ਵਾਸਤੇ ਆਇਆ ਕਰਨਗੀਆਂ।

ਅੱਜ ਲੱਖਦਾਤਾ ਪੀਰ ਸਚੀ ਸਰਕਾਰ ਦੇ ਵਚਨ ਪੂਰੇ ਹੋਏ ਤੇ ਅੱਜ ਇਸ ਦਰਬਾਰ ਤੇ ਲੱਖਦਾਤਾ ਪੀਰ ਜੀ ਦੇ ਮੇਲੇ ਲਗਦੇ ਹਨ ਤੇ ਸੰਗਤਾਂ ਦੇਸ਼ਾਂ - ਪਰਦੇਸਾਂ ਤੋ ਨਤ - ਮਸਤਕ ਹੋਣ ਤੇ ਹਾਜ਼ਰੀਆਂ ਲੱਗਾਵਾਂ ਵਾਸਤੇ ਦਰਬਾਰ ਤੇ ਪਹੁੰਚਦਿਆਂ ਹਨ।









# MIAN RANA JI



## ਇਤਿਹਾਸ ਮੀਆਂ ਰਾਣਾ ਜੀ ( ਬਸਦੇਹੜਾ )

### ਇਸ ਸਥਾਨ ਦੀ ਮਹੱਤਤਾ ਇਹ ਹੈ ਕਿ

ਜਦੋਂ ਲੱਖਦਾਤਾ ਪੀਰ ਜੀ ਨਿਗਾਹੇ ਆਏ ਸੀ ਤਾਂ ਪੀਰ ਨਿਗਾਹੇ ਜਾਨ ਤੋਂ ਪਹਿਲਾਂ ਲੱਖਦਾਤਾ ਪੀਰ ਜੀ ਇਸ ਸਥਾਨ ਤੇ ਰੁਕੇ ਸੀ। ਤੇ ਉਸ ਵੇਲੇ ਇਸ ਪਿੰਡ ( ਬਸਦੇਹੜਾ ) ਵਿਚ ਪਾਣੀ ਦੀ ਬਹੁਤ ਮੁਸ਼ਕਿਲ ਸੀ ਤੇ ਲੱਖਦਾਤਾ ਪੀਰ ਜੀ ਨੇ ਇਸ ਸਥਾਨ ਤੇ ਆਪਣੇ ਮੁਬਾਰਕ ਹੱਥਾਂ ਨਾਲ ਮਿੱਟੀ ਪੁੱਟੀ ਤੇ ਜਮੀਨ ਵਿਚੋਂ ਪਾਣੀ ਆਪ ਮੁਹਾਰੇ ਜਮੀਨ ਵਿਚੋਂ ਨਿਕਲਕੇ ਵਗਣ ਲੱਗ ਪਿਆ ਤੇ ਇਕ ਬਹੁਤ ਹੀ ਵਿਸ਼ਾਲ ਤਲਾਬ ਦਾ ਰੂਪ ਧਾਰਨ ਕਰ ਲਿਆ ਜੋ ਅੱਜ ਵੀ ਇਸ ਸਥਾਨ ਤੇ ਮੌਜੂਦ ਹੈ। ਲੱਖਦਾਤਾ ਪੀਰ ਜੀ ਨੇ ਉਸ ਵੇਲੇ ਵਚਨ ਕੀਤਾ ਕਿ ਅੱਜ ਤੋਂ ਬਾਅਦ ਜਦੋਂ ਵੀ ਸਾਡੀ ਸੰਗਤ ਪੀਰ ਨਿਗਾਹੇ ਸਾਨੂੰ ਸਜਦਾ ਸਲਾਮ ਕਰਨ ਆਵੇਗੀ ਤੇ ਪੀਰ ਨਿਗਾਹੇ ਜਾਣ ਤੋਂ ਪਹਿਲਾਂ ਬਸਦੇਹੜਾ ਪਿੰਡ ਵਿਖੇ ਸਾਡੇ ਇਸ ਸਥਾਨ ਤੇ ਸਜਦਾ ਸਲਾਮ ਕਰੇਗੀ ਤੇ ਸਾਡੇ ਬੇਟੇ ਮੀਆਂ ਰਾਣਾ ਜੀ ਦੇ ਨਾਮ ਦੀ ਚੌਂਕੀ ਭਰੇਗੀ ਤੇ ਨਾਲ ਹੀ ਤਾਲਾਬ ਵਿਚੋਂ ਮਿੱਟੀ ਕੱਢੇ ਗਈ ਫਿਰ ਉਸਤੋਂ ਬਾਅਦ ਪੀਰ ਨਿਗਾਹੇ ਆਕੇ ਸਜਦਾ ਸਲਾਮ ਕਰੂਗੀ ਤੇ ਚੌਂਕੀ ਭਰੂਗੀ ਤਾਂ ਹੀ ਸੰਗਤ ਦੀ ਯਾਤਰਾ ਸੰਪੂਰਨ ਮੰਨੀ ਜਾਵੇਗੀ।।

ਸੋਚ ਸੋਚ ਕੇ ਚੱਲ,
ਇੱਥੇ ਪੈਰ ਪੈਰ ਤੇ ਰੋੜੇ ਨੇ,
ਤੈਨੂੰ ਨਿੰਦਣ ਵਾਲੇ ਬਹੁਤੇ ਨੇ,
ਤੇ ਸਿਫਤਾਂ ਵਾਲੇ ਥੋੜ੍ਹੇ ਨੇ,

ਬੈਠਾ ਆਲਮ ਲੈ ਕੇ ਕਿਤਾਬਾਂ,
ਅਖਰਾ ਵਲ ਤਾਂ ਵੇਖਦਾ ਈ ਨਹੀਂ,
ਜੰਗਲ,ਬੇਲੇ,ਲੱਭੇ ਰਬ ਨੂੰ,
ਆਪਣੇ ਦਿਲ ਅੰਦਰ ਵੇਖਦਾ ਈ ਨਹੀਂ।













# ਲੱਖਦਾਤਾ ਜੀ ਦੇ ਮੁਰੀਦ - ਸੁਲੇਮਾਨ ਅਤੇ ਭੈਰੋਂ ਜਾਤੀ ਜੀ

ਪਰੀਆਂ ਦੇ ਪੀਰ ਸੁਲੇਮਾਨ ਅਰਬ ਦੇਸ਼ ਵਲ੍ਹੋ ਸੈਰ ਕਰਦੇ ਹੋਏ ਆ ਰਹੇ ਸਨ ਤੇ ਪਰੀਆਂ ਨੇ ਆਪਣੇ ਪੀਰ ਜੀ ਨੂੰ ਦੇਖਿਆ ਤੇ ਉਨਹਾਂ ਦੇ ਚਰਨਾਂ ਵਿੱਚ ਆ ਕੇ ਸਲਾਮ ਕੀਤੀ। ਪਰੀਆਂ ਨੇ ਆਪਣੇ ਪੀਰ ਸੁਲੇਮਾਨ ਨੂੰ ਪੈਦਲ ਜਾਂਦਿਆ ਦੇਖ ਕੇ ਇੱਕ ਭੇਟ ਦੇਂਦਿਆ ਹੋਇਆ ਅਰਜ਼ ਕੀਤੀ - ਹਜ਼ੂਰ ਇਹ ਮੁੰਦਰੀ ਸਾਡੇ ਵਲ੍ਹੋ ਸਵੀਕਾਰ ਕਰੋ ਤੇ ਇਸ ਨੂੰ ਪਿਹਨ ਲਵੋ। ਆਪ ਜੀ ਨੂੰ ਜਦੋ ਵੀ ਸਾਡੀ ਜਰੂਰਤ ਹੋਵੇ ਤਾਂ ਸਾਨੂੰ ਯਾਦ ਕਰਨਾ ਤੇ ਅਸੀਂ ਤੁਹਾਡੀ ਸੇਵਾ ਵਿੱਚ ਹਾਜ਼ਿਰ ਹੋ ਜਾਵਾ ਗਈਆਂ।

ਕੁਝ ਦਿਨਾਂ ਬਾਅਦ, ਇੱਕ ਦਿਨ ਸੁਲੇਮਾਨ ਜੀ ਨੇ ਸਿੰਧ (ਹੁਣ ਪਾਕਿਸਤਾਨ) ਦੇ ਕੰਡੇ ਸੈਰ ਕਰਨ ਦਾ ਵਿਚਾਰ ਕੀਤਾ ਤੇ ਇਹ ਸੋਚ ਕੇ ਉਨਹਾਂ ਨੇ ਪਰੀਆਂ ਦੀ ਦਿੱਤੀ ਮੁੰਦਰੀ ਕਢੀ ਤੇ ਉਨਹਾਂ ਨੂੰ ਯਾਦ ਕੀਤਾ। ਪਰੀਆਂ ਹਾਜ਼ਿਰ ਹੋਈਆਂ ਤੇ ਸਲਾਮ ਕਰਦਿਆ ਹੋਇਆ ਅਰਜ਼ ਕੀਤੀ ਜੀ ਹਜ਼ੂਰ ਹੁਕੁਮ, ਤਾਂ ਸੁਲੇਮਾਨ ਜੀ ਨੇ ਸਿੰਧ (ਹੁਣ ਪਾਕਿਸਤਾਨ) ਦੇ ਕਿਨਾਰੇ ਸੈਰ ਕਰਨ ਦੀ ਇੱਛਾ ਜਾਹਿਰ ਕੀਤੀ ਤਾਂ ਪਰੀਆਂ ਉਸੇ ਵੇਲ੍ਹੇ ਇੱਕ ਸੋਨੇ ਦਾ ਤਖ਼ਤ ਲੈ ਆਈਆਂ। ਸੁਲੇਮਾਨ ਜੀ ਤਖ਼ਤ ਤੇ ਬੈਠ ਗਏ ਤੇ ਪਰੀਆਂ ਤਖ਼ਤ ਲੈ ਕੇ ਸਿੰਧ ਵਲ੍ਹ ਨੂੰ ਉੱਡ ਗਈਆਂ। ਸੈਰ ਕਰਦੇ - ਕਰਦੇ ਸੁਲੇਮਾਨ ਜੀ ਜਦੋਂ ਦਿੱਲੀ ਦੇ ਕੋਲ ਯਮੁਨਾ ਨਦੀ ਦੇ ਕਿਨਾਰੇ ਪਹੁੰਚੇ ਤਾਂ ਜ਼ਮੀਨ ਵਲ੍ਹ ਨਜ਼ਰ ਮਾਰੀ ਤਾਂ ਨਜ਼ਰ ਇੱਕ ਬਹੁਤ ਹੀ ਕਾਲੀ ਤੇ ਬਦਸੂਰਤ ਕੁੜੀ ਜਿਸ ਦਾ ਨਾਮ ਕਾਲੀ ਹੇ ਜੋ ਲਕੜੀਆਂ ਇਕੱਠੀਆਂ ਕਰ ਰਹੀ ਸੀ ਤੇ ਪਈ। ਕੁੜੀ ਦੀ ਮਾਂ ਦਾ ਨਾਮ ਨੰਜੀ ਸੀ ਤੇ ਉਹ ਦਾਨੇ ਭੁੰਨਣ ਦਾ ਕੰਮ ਕਰਦੀ ਸੀ ਯਾਨੀ ਭਠਿਆਰੀ ਸੀ, ਤੇ ਪਿਓ ਦਾ ਨਾਮ ਲਖੀਆ ਸੀ ਤੇ ਉਹ ਮਛੀਆਂ ਫੜਨ ਦਾ ਕੰਮ ਕਰਦਾ ਸੀ ਯਾਨੀ ਮਛਿਆਰਾ ਸੀ। ਸੁਲੇਮਾਨ ਜੀ ਨੇ ਕੁੜੀ ਵਲ੍ਹ ਵੇਖਿਆ ਤੇ ਬੜੇ ਹੰਕਾਰ ਦੇ ਨਾਲ ਕੇਹਾ - "ਏਨੀ ਕਾਲੀ ਤੇ ਗੰਦੀ ਕੁੜੀ ਜਿਸ ਦੇ ਸ਼ਰੀਰ ਵਿੱਚੋ ਏਨੀ ਬਦਬੂ ਆ ਰਹੀ ਹੇ ਤੇ ਉੱਤੋਂ ਏਨੀ ਬਦਸੂਰਤ ਹੇ, ਇਹ ਕੁੜੀ ਕਿਸੇ ਦੇ ਮੰਨ ਨੂੰ ਕਿਵੇ ਭਾ ਸਕਦੀ ਹੇ ਇਹਦੇ ਨਾਲ ਕੋਣ ਵਿਆਹ ਕਰਵਾਵੇਗਾ ਤੇ ਇਸ ਦੇ ਹੱਥਾਂ ਦਾ ਪਕਿਆ ਖਾਣਾ ਕੋਈ ਕਿਵੇ ਖਾ ਸਕਦਾ ਹੇ। ਕੋਈ ਜਾਨਵਰ ਹੀ ਇਸ ਨਾਲ ਵਿਆਹ ਕਰਵਾਵੇਗਾ ਇਨਸਾਨ ਤਾਂ ਨਹੀ ਕਰਵਾਂਦਾ।

ਇਹ ਸ਼ਬਦ ਅਜੇ ਸੁਲੇਮਾਨ ਜੀ ਦੇ ਮੂਹ ਵਿੱਚ ਹੀ ਸਨ ਕੇ ਰੱਬ ਦੀ ਕੀ ਮਰਜ਼ੀ ਹੋਈ ਕੀ ਸੁਲੇਮਾਨ ਜੀ ਨੂੰ ਇੱਕ ਦਮ ਬਹੁਤ ਜ਼ਿਆਦਾ ਪਿਆਸ ਲਗੀ ਤੇ ਉਨਹਾਂ ਨੇ ਪਰੀਆਂ ਨੂੰ ਹੁਕਮ ਕੀਤਾ ਕਿ ਤਖ਼ਤ ਯਮੁਨਾ ਨਦੀ ਦੇ ਕਿਨਾਰੇ ਉਤਾਰੋ। ਪਰੀਆਂ ਨੇ ਤਖ਼ਤ ਨਦੀ ਦੇ ਕਿਨਾਰੇ ਉਤਾਰ ਦਿਤਾ ਤੇ ਸੁਲੇਮਾਨ ਜੀ ਪਾਣੀ ਪੀਣ ਵਾਸਤੇ ਨਦੀ ਦੇ ਕਿਨਾਰੇ ਤੇ ਗਏ ਜਿਵਦਾ ਹੀ ਸੁਲੇਮਾਨ ਜੀ ਨੇ ਆਪਣੇ ਹੱਥ ਪਾਣੀ ਵਿਚ ਪਾਏ ਤਾਂ ਉਨਹਾਂ ਦੇ ਹੱਥ ਵਿੱਚ ਪਾਈ ਪਰੀਆਂ ਦੀ ਦਿਤੀ ਮੁੰਦਰੀ ਨਿਕਲ ਕੇ ਨਦੀ ਵਿੱਚ ਡਿਗ ਪਈ ਤੇ ਇੱਕ ਮੱਛੀ ਉਸ ਮੁੰਦਰੀ ਨੂੰ ਨਿਗਲ ਗਈ ਤੇ ਨਦੀ ਵਿੱਚ ਅਲੋਪ ਹੋ ਗਈ। ਜਿਦਾਂ ਹੀ ਪਰੀਆਂ ਨੇ ਦੇਖਿਆ ਕੀ ਮੁੰਦਰੀ ਨਹੀ ਹੇ ਤਾਂ ਉਨਹਾਂ ਨੇ ਸੁਲੇਮਾਨ ਜੀ ਨੂੰ ਉੱਥੇ ਹੀ ਛੱਡ ਕੇ ਤਖ਼ਤ ਸਨੇ ਵਾਪਿਸ ਉੱਡ ਗਈਆਂ। ਸ਼ਾਮ ਹੋ ਗਈ ਪਰ ਸੁਲੇਮਾਨ ਜੀ ਨੂੰ ਮੁੰਦਰੀ ਨਹੀ ਮਿਲੀ, ਮਿਲਦੀ ਕਿਵੇਂ ਮੁੰਦਰੀ ਨੂੰ ਤਾਂ ਮੱਛੀ ਨਿਗਲ ਗਈ ਸੀ, ਸ਼ਾਮ ਢੱਲਣ ਲਗੀ ਤੇ ਠੰਡ ਵੀ ਵੱਧ ਰਹੀ ਸੀ ਤੇ ਸੁਲੇਮਾਨ ਜੀ ਨੂੰ ਭੁੱਖ ਵੀ ਸਤਾਨ ਲਗੀ। ਜਦੋਂ ਮੁੰਦਰੀ ਨਾ ਮਿਲੀ ਤੇ ਸੁਲੇਮਾਨ ਜੀ ਨੇ ਸ਼ਹਿਰ ਵਲ੍ਹ ਜਾਣ ਦਾ ਮੰਨ ਬਣਾਇਆ ਤੇ ਸੁਲੇਮਾਨ ਜੀ ਸ਼ਹਿਰ ਵਲ੍ਹ ਨੂੰ ਤੁਰ ਪਏ। ਰਸਤੇ ਵਿੱਚ ਇੱਕ ਜਨਾਨੀ ਭੱਠੀ ਤੇ ਦਾਨੇ ਭੁੰਨ ਰਹੀ ਸੀ ਸੁਲੇਮਾਨ ਉਸ ਜਾਨਨੀ ਦੇ ਕੋਲ ਬੈਠ ਗਏ ਤੇ ਜਿਹੜੇ ਦਾਨੇ ਭੱਠੀ ਦੇ ਵਿੱਚੋ ਉੱਛਲ - ਉੱਛਲ ਕੇ ਭੱਠੀ ਤੇ ਬਾਹਰ ਡਿਗ ਰਹੇ ਸਨ ਉਨਹਾਂ ਨੂੰ ਚੱਕ -ਚੱਕ ਕੇ ਖਾਨ ਲਗੇ। ਭਠਿਆਰੀ ਨੇ ਇਹ ਸਭ ਕੁਝ ਦੇਖਿਆ ਤੇ ਸੁਲੇਮਾਨ ਜੀ ਨੂੰ ਕਿਹਾ ਪੁੱਤਰ ਜੇ ਦਾਨੇ ਖਾਨੇ ਨੇ ਤਾਂ ਭੱਠੀ ਵਿੱਚ ਝੁਲਕਾ (ਬਾਲਨ) ਪਾ ਤੇ ਮੈਂ ਤੇਨੂ ਮਜਰੇ ਦਾਨੇ ਭੁਨ ਕੇ ਦੇਂਦੀ ਹਾਂ ਥਲਿਓ ਚੱਕ ਕੇ ਨਾ ਖਾ। ਸੁਲੇਮਾਨ ਜੀ ਨੇ ਭੱਠੀ ਵਿੱਚ ਬਾਲਨ ਪਾਉਣਾ ਸ਼ੁਰੂ ਕਰ ਦਿਤਾ, ਬਾਲਨ ਪਾਈ ਜਾਂਦੇ ਹਨ ਤੇ ਦਾਨੇ ਖਾਈ ਜਾਂਦੇ ਹਨ। ਰਾਤ ਲਗਭਗ ਹੋ ਚੁੱਕੀ ਸੀ, ਜਦੋਂ ਭਠਿਆਰੀ ਆਪਣੀ ਕੜਾਹੀ ਚੁੱਕ ਕੇ ਆਪਣੇ ਘਰ ਵਲ੍ਹ ਨੂੰ ਤੁਰਨ ਲਗੀ ਤਾਂ ਸੁਲੇਮਾਨ ਜੀ ਨੇ ਦੋਵੇਂ ਹੱਥ ਜੋੜ ਕੇ ਭਠਿਆਰੀ ਨੂੰ ਬੇਨਤੀ ਕੀਤੀ ਕੀ ਮੈਂ ਪਰਦੇਸੀ ਹਾਂ ਤੇ ਮੇਰੇ ਕੋਲ ਕੋਈ ਰਿਹਣ ਦੀ ਥਾਂ ਨਹੀ ਹੇ ਮੇਹਰਬਾਨੀ ਕਰ ਕੇ ਤੁਸੀਂ ਮੇਨੂ ਆਪਣੇ ਘਰ ਵਿੱਚ ਪਨਾਹ ਦੇ ਦੇਵੋ ਉਸ ਦੇ ਬਦਲੇ ਮੈਂ ਤੁਹਾਡਾ ਕੋਈ ਵੀ ਕੰਮ ਕਰ ਦਿਆ ਕਰਾਂਗਾ। ਭਠਿਆਰੀ ਨੇ ਪਿਹਲਾਂ ਤਾਂ ਥੋੜਾ ਸੋਚਿਆ ਫਿਰ ਕਿਹੰਦੀ ਚੱਲ ਠੀਕ ਹੇ ਚੱਕ ਕੜਾਹੀ ਤੇ ਘਰ ਨੂੰ ਚਲਿਏ। ਉਸ ਦਿਨ ਤੇ ਬਾਅਦ ਸੁਲੇਮਾਨ ਜੀ ਉਸ ਭਠਿਆਰੀ ਦੇ ਘਰ ਵਿੱਚ ਰਿਹਣ ਲਾਗੇ ਤੇ ਉਹ ਵਿ ਕੰਮ ਕਹੰਦੇ ਸੁਲੇਮਾਨ ਚੁਪ-ਚਾਪ ਕਰ ਦੇਂਦੇ।

ਥੋੜਾ ਸਮਾਂ ਬੀਤਿਆ ਤੇ ਇਕ ਦਿਨ ਭਠਿਆਰੀ ਨੰਜੀ ਆਪਣੇ ਪਤੀ ਲਾਖੀਏ ਨਾਲ ਸਲਾਹ ਕਰਦੀ ਹੇ ਕੀ ਆਪਾਂ ਆਪਣੀ ਕੁੜੀ ਕਾਲੀ ਦਾ ਰਿਸ਼ਤਾ ਜਿਸ ਘਰ ਵੀ ਕਰਦੇ ਹਾਂ ਰਿਸ਼ਤਾ ਤਾਂ ਹੋ ਜਾਂਦਾ ਹੇ ਪਰ ਜਦੋ ਮੁੰਡੇ ਵਾਲੇ ਆਪਣੀ ਕਾਲੀ ਨੂੰ ਦੇਖਦੇ ਹਨ ਤਾਂ ਰਿਸ਼ਤੇ ਤੋਂ ਜਵਾਬ ਦੇ ਦੇਂਦੇ ਹਨ ਕਿਓਂ ਨਾ ਆਪਾਂ ਆਪਣੀ ਕਾਲੀ ਦਾ ਵਿਆਹ ਆਪਣੇ ਘਰ ਵਿੱਚ ਰਿਹੰਦੇ ਮੁੰਡੇ (ਸੁਲੇਮਾਨ) ਨਾਲ ਕਰ ਦਈਏ ਤਾਂ ਨੰਜੀ ਦੇ ਪਤੀ ਨੇ ਕਿਹਾ ਤੇਰੀ ਗੱਲ ਤਾਂ ਠੀਕ ਹੇ ਤੂੰ ਉਸ ਨਾਲ ਗੱਲ ਕਰ ਕੇ ਵੇਖ।

ਕੁਝ ਦਿਨ ਇੰਸੇ ਤਰ੍ਹਾ ਲੰਗ ਗਏ ਇਕ ਦਿਨ ਨੰਜੀ ਨੇ ਸੁਲੇਮਾਨ ਜੀ ਨੂੰ ਕੋਲ ਬਿਠਾ ਕੇ ਆਪਣੇ ਦਿਲ ਦੀ ਗੱਲ ਕਹ ਦਿਤੀ ਕੀ ਅਸੀਂ ਚਾਹੁੰਦੇ ਹਾਂ ਕੇ ਆਪਣੀ ਕੁੜੀ ਕਾਲੀ ਦਾ ਵਿਆਹ ਤੇਰੇ ਨਾਲ ਕਰ ਦੇਈਏ ਤੂੰ ਦਸ ਤੇਰੀ ਕੀ ਮਰਜ਼ੀ ਹੇ ਤਾਂ ਸੁਲੇਮਾਨ ਜੀ ਨੂੰ ਉਸੇ ਵੇਲ੍ਹੇ ਕਾਲੀ ਦੇ ਪ੍ਰਤੀ ਕਹੇ ਆਪਣੇ ਸ਼ਬਦ ਯਾਦ ਆ ਗਏ ਤੇ ਮੰਨ ਹੀ ਮੰਨ ਵਿਚਾਰ ਆਇਆ ਕੀ ਰੱਬ ਨੇ ਮੇਰਾ ਹੰਕਾਰ ਤੋੜਿਆ ਹੇ, ਜਿਹੜੇ ਸ਼ਬਦ ਮੈਂ ਕਦੇ ਕਾਲੀ ਨੂੰ ਹੰਕਾਰ ਵਿੱਚ ਕਹੇ ਸਨ ਉਨਹਾਂ ਸ਼ਬਦਾਂ ਦੇ ਕਰਨ ਮੇਰੀ ਇਹ ਦਸ਼ਾ ਹੋਈ ਹੇ ਫਿਰ ਸੋਚਿਆ ਰਿਹਣ ਵਾਸਤੇ ਵੀ ਕੋਈ ਟਿਕਾਣਾ ਨਹੀ ਹੇ ਜੇ ਕਾਲੀ ਨਾਲ ਵਿਆਹ ਨਾ ਕੀਤਾ ਤਾਂ ਘਰ ਛਡਣਾ ਪਵੇਗਾ ਸੋਚ-ਵਿਚਾਰ ਕਰ ਕੇ ਤੇ ਰੱਬ ਦਾ ਭਾਣਾ ਮੰਨ ਕੇ ਸੁਲੇਮਾਨ ਜੀ ਨੇ ਵਿਆਹ ਨੂੰ ਹਾਂ ਕਰ ਦਿਤੀ।

ਜਿਸ ਕਾਲੀ ਨੂੰ ਕਦੇ ਬਹੁਤ ਬੁਰਾ-ਭਲਾ ਕਿਹਾ ਸੀ ਅੱਜ ਉਸੇ ਕਾਲੀ ਦੀਆਂ ਪੱਕੀਆਂ ਰੋਟੀਆਂ ਬੜੇ ਸ਼ੌਂਕ ਅਤੇ ਮਜ਼ੇ ਨਾਲ ਸੁਲੇਮਾਨ ਜੀ ਖਾ ਰਹੇ ਹਨ ਤੇ ਰੱਬ ਦਾ ਸ਼ੁਕਰ ਅਦਾ ਕਰ ਕੇ ਆਪਣਾ ਸਮਾਂ ਕਢ ਰਹੇ ਹਨ। ਇਸ ਤਰ੍ਹਾ ਕਾਲੀ ਨਾਲ ਰਿਹੰਦੇ ਹੋਏ ਸੁਲੇਮਾਨ ਜੀ ਨੂੰ ਕੀ ਸਾਲ ਲੰਗ ਗਏ। ਹਰ ਰੋਜ਼ ਦੀ ਤਰ੍ਹਾ ਸੁਲੇਮਾਨ ਜੀ ਦਾ ਸੋਹਰਾ ਲਖੀਆ ਮੱਛੀਆਂ ਫੜ ਕੇ ਲਿਆਇਆ ਸਾਰੀਆਂ ਮੱਛੀਆਂ ਵਿਕ ਗਈਆਂ ਪਰ ਇੱਕ ਮੱਛੀ ਬਚ ਗਈ ਜਿਸ ਨੂੰ ਉਹ ਘਰ ਲੈ ਆਇਆ। ਜਿਦਾਂ ਹੀ ਕਾਲੀ ਨੇ ਉਸ ਮੱਛੀ ਨੂੰ ਪਕਾਣ ਵਾਸਤੇ ਕਟਿਆ ਤਾਂ ਕੀ ਦੇਖਿਆ ਕੀ ਮੱਛੀ ਦੇ ਪੇਟ ਵਿੱਚ ਇਕ ਮੁੰਦਰੀ ਹੇ ਜਿਸ ਨੂੰ ਦੇਖ ਕੇ ਕਾਲੀ ਬਹੁਤ ਹੈਰਾਨ ਹੋਈ ਅਸਲ ਵਿਚ ਇਹ ਉਹੀ ਮੁੰਦਰੀ ਸੀ ਜੋ ਸੁਲੇਮਾਨ ਜੀ ਨੂੰ ਪਰੀਆਂ ਨੇ ਦਿਤੀ ਸੀ। ਮੁੰਦਰੀ ਮੱਛੀ ਦੇ ਪੇਟ ਵਿੱਚੋ ਕਢ ਕੇ ਸਿਧੀ ਸੁਲੇਮਾਨ ਜੀ ਕੋਲ ਲੇ ਗਈ ਤੇ ਉਨਹਾਂ ਸਾਰੀ ਗੱਲ ਕਹ ਸੁਨਾਈ। ਸੁਲੇਮਾਨ ਜੀ ਨੇ ਮੁੰਦਰੀ ਨੂੰ ਦੇਖਦਿਆ ਉਸ ਨੂੰ ਹੀ ਪਛਾਨ ਲਿਆ, ਸੁਲੇਮਾਨ ਜੀ ਨੇ ਕਾਲੀ ਤੋਂ ਮੁੰਦਰੀ ਲੇ ਲਈ ਤੇ ਮੁੰਦਰੀ ਨੂੰ ਦੇਖਦਿਆ ਹੋਇਆ ਕਿਹਾ ਮੁੰਦਰੀ ਕੁਝ ਨਹੀ ਸਧਾਰਨ ਜਿਹੀ ਮੁੰਦਰੀ ਹੇ ਤੁਸੀਂ ਜੇ ਤੇ ਖਾਨਾ ਪਕਾਓ, ਕਾਲੀ ਚਲੀ ਗਈ ਤੇ ਸੁਲੇਮਾਨ ਮੁੰਦਰੀ ਨੂੰ ਦੇਖਦੇ ਹੋਏ ਕਿਹਾਂ ਲਗੇ "ਓ ਮੁੰਦਰੀ ਤੇਰੇ ਵਿੱਚ ਕਿੰਨੀ ਸ਼ਕਤੀ ਹੇ ਜਦੋਂ ਤੂੰ ਮੇਰੇ ਕੋਲ ਸੀ ਤਾਂ ਪਰੀਆਂ ਮੇਰਾ ਹੁਕਮ ਮੰਨਦੀਆਂ ਸਨ ਮੇਰੀ ਜੀ-ਹਜ਼ੂਰੀ ਕਰਦੀਆਂ ਸਨ ਪਰ ਜਦੋਂ ਤੂੰ ਮੇਰੇ ਤੋਂ ਦੂਰ ਹੋ ਗਈ ਤੇ ਪਰੀਆਂ ਵੀ ਮੇਨੂ ਛੱਡ ਕੇ ਦੂਰ ਚਲੀ ਗਈਆਂ ਫਿਰ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ। ਸੁਲੇਮਾਨ ਜੀ ਨੇ ਮੁੰਦਰੀ ਨੂੰ ਧੋਤਾ ਸਾਫ਼ ਕੀਤਾ ਤੇ ਧੂਫ-ਬੱਤੀ ਕੀਤੀ ਤੇ ਫਿਰ ਪਰੀਆਂ ਨੂੰ ਯਾਦ ਕੀਤਾ। ਪਰੀਆਂ ਫਿਰ ਸੁਲੇਮਾਨ ਜੀ ਦੇ ਸੇਵਾ ਵਿੱਚ ਹਾਜ਼ਿਰ ਹੋ ਗਈਆਂ ਤੇ ਬੋਲੀਆਂ ਹਜ਼ੂਰ ਅਸੀਂ ਤੁਹਾਨੂੰ ਲੈਣ ਵਾਸਤੇ ਆਈਆਂ ਹਾਂ ਤੇ ਤੁਸੀਂ ਸਾਡੇ ਨਾਲ ਚਲੋ।

ਸੁਲੇਮਾਨ ਜੀ ਨੇ ਕਿਹਾ ਮੈਂ ਤੁਹਾਡੇ ਨਾਲ ਬਿਲਕੁਲ ਨਹੀ ਜਾਵਾਂਗਾ ਤੁਹਾਡੇ ਅੰਦਰ ਕੋਈ ਤਾਕਤ ਨਹੀ ਹੇ ਜੇ ਕੋਈ ਤਾਕਤ ਹੇ ਤਾਂ ਇਸ ਮੁੰਦਰੀ ਵਿੱਚ ਹੇ, ਪਰੀਆਂ ਨੇ ਕਿਹਾ ਹਜ਼ੂਰ ਤੁਸੀਂ ਐਦਾਂ ਨਾ ਕਹੋ ਅਸੀਂ ਤੁਹਾਨੂੰ ਛੱਡ ਕੇ ਨਹੀ ਜਾ ਸਕਦੀਆਂ ਅਸੀਂ ਤੁਹਾਨੂੰ ਨਾਲ ਹੀ ਲੈ ਕੇ ਜਾਵਾਂਗੀਆ। ਸੁਲੇਮਾਨ ਜੀ ਨੇ ਕਿਹਾ ਠੀਕ ਹੇ ਫਿਰ ਮੈਂ ਇਕੱਲਾ ਨਹੀ ਜਾਵਾਂਗਾ ਮੇਰੇ ਨਾਲ ਮੇਰੀ ਪਤਨੀ ਕਾਲੀ ਵੀ ਜਾਉਗੀ। ਪਰੀਆਂ ਨੇ ਕਿਹਾ ਪੀਰ ਜੀ ਇਹ ਨਹੀ ਹੋ ਸਕਦਾ ਕਾਲੀ ਨਾਲ ਨਹੀ ਜਾ ਸਕਦੀ, ਹਾਂ ਇੱਕ ਕੰਮ ਹੋ ਸਕਦਾ ਹੇ ਤੁਸੀਂ ਆਪਣੀ ਪਤਨੀ ਕਾਲੀ ਨੂੰ ਕੋਈ ਵੀ ਵਚਨ ਦੇ ਦੇਵੋਂ ਜੋ ਸਮਾਂ ਆਉਣ ਤੇ ਜ਼ਰੂਰ ਪੂਰਾ ਹੋਵੇਗਾ।

ਸੁਲੇਮਾਨ ਜੀ ਮੱਛੀ ਬਣਾਉਂਦੀ ਕਾਲੀ ਦੇ ਕੋਲ ਗਏ ਤੇ ਕਿਹਾ, ਕਾਲੀ ਮੈਂ ਕੁਝ ਦਿਨਾਂ ਵਾਸਤੇ ਬਾਹਰ ਜਾ ਰਿਹਾ ਹਾਂ, ਐਨਾ ਸੁਣਦੇ ਹੀ ਕਾਲੀ ਨੇ ਅੱਖਾਂ ਭਰ ਲਈਆਂ ਤੇ ਪੁੱਛਿਆ ਹਜ਼ੂਰ 2-4 ਦਿਨਾਂ ਵਿੱਚ ਤਾਂ ਵਾਪਿਸ ਆ ਹੀ ਜਾਵੋਗੇ, ਸੁਲੇਮਾਨ ਜੀ ਕਾਲੀ ਨੂੰ ਸਮਝੋਂਦਿਆ ਹੋਇਆ ਕਿਹਾ ਮੇਨੂ ਇੱਥੇ ਕੋਈ ਕੰਮ ਨਹੀ ਹੇ ਸਾਰਾ ਦਿਨ ਵੇਹਲਾ ਰਿਹੰਦਾ ਹਾਂ ਸੋਚਦਾ ਹਾਂ ਕੋਈ ਚੰਗਾ ਜਿਹਾ ਕੰਮ ਧੰਦਾ ਸ਼ੁਰੂ ਕਰਾਂ। ਮੈਂ 6 ਮਹੀਨੇ ਵਾਸਤੇ ਬਾਹਰ ਜਾ ਰਿਹਾ ਹਾਂ, ਐਨਾ ਸੁਣਦੇ ਸਾਰ ਕਾਲੀ ਰੋਣ ਲਗ ਪਈ। ਕਾਲੀ ਦੇ ਲੱਖ ਮਨਾ ਕਰਨ ਤੇ ਵੀ ਜਦ ਸੁਲੇਮਾਨ ਜੀ ਨਹੀ ਰੁਕੇ ਤਾਂ ਕਾਲੀ ਨੇ ਕਿਹਾ ਹਜ਼ੂਰ ਇਸ ਵੇਲ੍ਹੇ ਤੁਹਾਡਾ ਮੇਰੇ ਕੋਲ ਰਿਹਣਾ ਬਹੁਤ ਜਰੂਰੀ ਸੀ ਮੈਂ ਤੁਹਾਡੇ ਬੱਚੇ ਦੇ ਮਾਂ ਬਣਨ ਵਾਲੀ ਹਾਂ। ਇਹ ਸੁਣ ਕੇ ਸੁਲੇਮਾਨ ਜੀ ਬਹੁਤ ਖੁਸ਼ ਹੋਏ ਤੇ ਕਾਲੀ ਨੂੰ ਵਰਦਾਨ ਦੇਂਦੇ ਹੋਇਆ ਕਿਹਾ "ਕਾਲੀ ਤੇਰੇ ਜੁੜਵਾਂ ਮੁੰਡੇ ਪੈਦਾ ਹੋਣਗੇ ਜੋ ਬਹੁਤ ਹੀ ਬਲਸ਼ਾਲੀ ਤੇ ਯੋਧੇ ਹੋਣਗੇ ਤੇ ਰਿਹੰਦੀ ਦੁਨਿਆ ਤਕ ਉਨਹਾਂ ਦਾ ਨਾਮ ਰਹੇਗਾ ਤੇ ਉਨ੍ਹਾਂ ਦੇ ਨਾਲ-ਨਾਲ ਤੇਰਾ ਵੀ ਨਾਮ ਸਦਾ ਦੁਨਿਆ ਵਿੱਚ ਅਮਰ ਰਹੇਗਾ "। ਕਾਲੀ ਨੂੰ ਐਨਾ ਵਚਨ ਕਰਕੇ ਸੁਲੇਮਾਨ ਜੀ ਉੱਥੋਂ ਚਲੇ ਗਏ।

ਸੁਲੇਮਾਨ ਜੀ ਦੇ ਜਾਣ ਤੇ ਬਾਅਦ ਕਾਲੀ ਦੇ ਜੁੜਵਾ ਮੁੰਡੇ ਪੈਦਾ ਹੋਏ, ਇੱਕ ਦਾ ਨਾਮ ਭੈਰੋਂ ਜਤੀ ਤੇ ਦੂਸਰੇ ਦਾ ਨਾਮ ਜਤੀ ਮਕਾਲ ਰਖਿਆ ਗਿਆ। ਸਮੇਂ ਦੇ ਨਾਲ-ਨਾਲ ਦੋਵੇਂ ਬੱਚੇ ਵੱਡੇ ਹੋਣ ਲਗੇ, ਜਤੀ ਮਕਾਲ ਨੇ ਅਗਨ ਦੇਵਤਾ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਤੇ ਭੈਰੋਂ ਜਤੀ ਦੇਵਤਿਆ ਦੀ ਪੂਜਾ ਕਰਨ ਲਗਾ। ਹੋਲੀ-ਹੋਲੀ ਦੋਵੇਂ ਜਵਾਨ ਹੋ ਗਏ। ਇੱਕ ਦਿਨ ਭੈਰੋਂ ਜਤੀ ਜੀ ਕੀਤੇ ਪੈਦਲ ਜਾ ਰਹੇ ਸਨ। ਸਿਆਲਕੋਟ (ਪਾਕਿਸਤਾਨ) ਦੇ ਵਿੱਚ ਇੱਕ ਪਿੰਡ ਹੇ ਸੋਧਰਾ, ਉਸ ਪਿੰਡ ਵਿੱਚ ਇੱਕ ਅਹਿਮਦ ਲੁਹਾਰ ਨਾਮ ਦਾ ਜਾਦੂਗਰ ਰਿਹੰਦਾ ਸੀ, ਉਸ ਦੀ ਨਜ਼ਰ ਭੈਰੋਂ ਜਤੀ ਜੀ ਤੇ ਪਈ, ਤੇ ਅਹਿਮਦ ਜਾਦੂਗਰ ਨੇ ਆਪਣੇ ਜਾਦੂ ਨਾਲ ਭੈਰੋਂ ਜਤੀ ਜੀ ਨੂੰ ਬੰਨ ਕੇ ਆਪਣੇ ਘਰ ਲੈ ਆਇਆ। ਜਾਦੂ ਨਾਲ ਅਹਿਮਦ ਸਾਰਾ ਦਿਨ ਭੈਰੋਂ ਜਤੀ ਜੀ ਤੋਂ ਆਪਣੇ ਸਾਰੇ ਕਰਵਾਂਦਾ ਰਿਹੰਦਾ। ਭੈਰੋਂ ਜਤੀ ਜੀ ਬਹੁਤ ਪਰੇਸ਼ਾਨ ਸਨ, ਇਕ ਦਿਨ ਉਨਹਾਂ ਨੇ ਰੱਬ ਦੇ ਅੱਗੇ ਫ਼ਰਿਆਦ ਕੀਤੀ ਕੀ ਓ ਦੁਨਿਆ ਦੇ ਮਾਲਿਕਾ ਕੋਈ ਐਸਾ ਪੀਰ-ਫ਼ਕੀਰ ਕੋਈ ਐਸਾ ਰਿਸ਼ਬਰ ਭੇਜ ਜੋ ਮੇਨੂੰ ਇਸ ਚੰਡਾਲ ਜਾਦੂਗਰ ਦੀ ਕੇਦ ਤੋਂ ਛੁੜਾ ਕੇ ਲੈ ਜਾਵੇ ਤੇ ਮੈਂ ਸਾਰੀ ਉਮਰ ਉਸ ਦੀ ਸੇਵਾ ਕਰਾਂਗਾ।

ਇਧਰ ਭੈਰੋਂ ਜਤੀ ਜੀ ਨੇ ਰੱਬ ਅੱਗੇ ਫ਼ਰਿਆਦ ਕੀਤੀ ਤੇ ਉਧਰ ਪੀਰ ਸਖੀ ਸਰਵਰ ਸੁਲਤਾਨ ਲੱਖਦਾਤਾ ਜੀ ਧਰਤੀ ਦੀ ਸੈਰ ਕਰਦੇ-ਕਰਦੇ ਪਿੰਡ ਸੋਧਰੇ ਆ ਗਏ। ਲੱਖਦਾਤਾ ਜੀ ਤਾਂ ਜਾਨੀ-ਜਾਨ ਹਨ ਤੇ ਉਨਹਾਂ ਨੇ ਜਾਦੂਗਰ ਅਹਿਮਦ ਨੂੰ ਭੈਰੋਂ ਜਤੀ ਨੂੰ ਅਜ਼ਾਦ ਕਰ ਦੇਣ ਵਾਸਤੇ ਕਿਹਾ। ਜਾਦੂਗਰ ਅਹਿਮਦ ਬੜੇ ਸ਼ੁੱਚੋ ਢੰਗ ਨਾਲ ਲੱਖਦਾਤਾ ਜੀ ਦੇ ਅੱਗੇ ਹੱਥ ਬੰਨ ਕੇ ਖੜਾ ਹੋ ਗਿਆ ਤੇ ਕਿਹਣ ਲੱਗਾ ਕੀ ਮੈਂ ਤਾਂ ਕਿਸੇ ਭੈਰੋਂ ਜਤੀ ਨੂੰ ਨਹੀ ਜਾਂਦਾ ਨਾਲੇ ਮੈਂ ਕੋਣ ਹੁੰਦਾ ਕਿਸੇ ਨੂੰ ਕੇਦ ਕਰਨ ਵਾਲਾ ਜਾਦੂਗਰ ਅਹਿਮਦ ਲੱਖਦਾਤਾ ਜੀ ਅੱਗੇ ਸਾਫ਼-ਸਾਫ਼ ਮੁਕਰ ਗਿਆ। ਦੁਨੀਆਂ ਦੇ ਮਾਲਿਕ ਲੱਖਦਾਤਾ ਜੀ ਦੇ ਅੱਗੇ ਖੜੇ ਹੋ ਕੇ ਝੂਠ ਬੋਲਣਾ ਤੇ ਇਹ ਸੋਚਣਾ ਕੀ ਇਨ੍ਹਾਂ ਨੂੰ ਕਿਹੜਾ ਪਤਾ ਲਗਨਾ, ਉਨਹਾਂ ਦੀ ਨਜ਼ਰ ਤੋਂ ਕੋਈ ਨਹੀ ਬਚ ਸਕਦਾ। ਲੱਖਦਾਤਾ ਜੀ ਨੇ ਜਾਦੂਗਰ ਅਹਿਮਦ ਨੂੰ ਕਿਹਾ ਕੀ ਤੂੰ ਝੂਠ ਬੋਲ ਰਿਹਾ ਹੇ ਉਹ ਦੇਖ ਸਾਹਮਣੇ ਸਾਡੀ ਕੱਕੀ ਘੋੜੀ ਭੈਰੋਂ ਜਤੀ ਨੂੰ ਲੈ ਕੇ ਆ ਰਹੀ ਹੇ, ਇਹ ਦੇਖ ਕੇ ਜਾਦੂਗਰ ਅਹਿਮਦ ਅਤੇ ਪਿੰਡ ਵਾਸੀ ਹੱਕੇ-ਬੱਕੇ ਰਹਿ ਗਏ। ਜਾਦੂਗਰ ਅਹਿਮਦ ਪੀਰ ਲੱਖਦਾਤਾ ਜੀ ਦੇ ਚਰਨਾਂ ਵਿੱਚ ਡਿੱਗ ਪਿਆ ਤੇ ਮਾਫ਼ੀਆਂ ਮੰਗਨ ਲੱਗ ਪਿਆ, ਪੀਰ ਲੱਖਦਾਤਾ ਜੀ ਨੇ ਜਾਦੂਗਰ ਅਹਿਮਦ ਨੂੰ ਕਿਹਾ ਅਸੀਂ ਤੇਨੂ ਮਾਫ਼ੀ ਸਿਰਫ ਇੱਕ ਸ਼ਰਤ ਤੇ ਦੇਵਾਂਗੇ, ਜੇ ਤੂੰ ਸਾਨੂੰ ਵਚਨ ਦੇਵੇਂ ਕੀ ਅੱਜ ਤੇ ਬਾਅਦ ਤੂੰ ਕਿਸੇ ਨਾਲ ਵੀ ਕਿਸੇ ਤਰ੍ਹਾ ਦਾ ਵੀ ਜਾਦੂ ਨਹੀ ਕਰੇਗਾ ਤੇ ਤੂੰ ਜਾਦੂ ਤੇ ਤੋਬਾ ਕਰੇ ਤਾਂ ਤੇਨੂੰ ਮਾਫ਼ੀ ਮਿਲ ਸਕਦੀ ਹੇ। ਜਾਦੂਗਰ ਅਹਿਮਦ ਨੇ ਲੱਖਦਾਤਾ ਜੀ ਨੂੰ ਵਚਨ ਦਿਤਾ ਕੀ ਹੁਣ ਤੋਂ ਹੀ ਮੈਂ ਜਾਦੂ ਛੱਡਿਆ ਤੇ ਕਿਸੇ ਨਾਲ ਵੀ ਕਿਸੇ ਤਰ੍ਹਾ ਦੀ ਜ਼ਿਆਦਤੀ ਨਹੀ ਕਰਾਂਗਾ।

ਲੱਖਦਾਤਾ ਜੀ ਨੇ ਵਚਨ ਕੀਤਾ ਕੀ ਠੀਕ ਹੇ ਜੇ ਤੂੰ ਆਪਣੇ ਮਾੜੇ ਕੰਮਾਂ ਤੇ ਤੋਬਾ ਕੀਤੀ ਹੇ ਤਾਂ ਜਾਹ ਅਸੀਂ ਵੀ ਤੇਨੂੰ ਮਾਫ਼ ਕੀਤਾ ਤੇ - ਅੱਜ ਤੋਂ ਅਹਿਮਦ ਤੇ ਅਹਿਮਦ ਨਹੀ ਰਿਹਾ ਅਹਿਮਦ ਸ਼ਾਹ ਹੋ ਗਿਆ। ਲੱਖਦਾਤਾ ਜੀ ਨੇ ਵਚਨ ਕੀਤਾ ਕੀ ਠੀਕ ਹੇ ਜੇ ਤੂੰ ਆਪਣੇ ਮਾੜੇ ਕੰਮਾਂ ਤੇ ਤੋਬਾ ਕੀਤੀ ਹੇ ਤਾਂ ਜਾਹ ਅਸੀਂ ਵੀ ਤੇਨੂੰ ਮਾਫ਼ ਕੀਤਾ ਤੇ - ਅੱਜ ਤੋਂ ਅਹਿਮਦ ਤੇ ਅਹਿਮਦ ਨਹੀ ਰਿਹਾ ਅਹਿਮਦ ਸ਼ਾਹ ਹੋ ਗਿਆ। ਅੱਜ ਤੋਂ ਇਸ ਜਗ੍ਹਾ ਤੇ ਸਾਡੇ ਨਾਮ ਦੇ ਮੇਲੇ ਲਗਿਆ ਕਰਨਗੇ ਇਹ ਵਚਨ ਕਰਕੇ ਲੱਖਦਾਤਾ ਜੀ ਉਠ ਕੇ ਚੱਲਣ ਲਗੇ ਤਾਂ ਭੈਰੋਂ ਜਤੀ ਜੀ ਨੇ ਹੱਥ ਜੋੜ ਕੇ ਲੱਖਦਾਤਾ ਜੀ ਨੂੰ ਬੇਨਤੀ ਕੀਤੀ ਕਿ ਦਾਤਾ ਜੀ ਮੈਂ ਆਪਣੇ ਮੰਨ ਅੰਦਰ ਇਹ ਫ਼ਰਿਆਦ ਕੀਤੀ ਸੀ ਕਿ ਜੋ ਕੋਈ ਵੀ ਮੇਨੂੰ ਇਸ ਜਾਦੂਗਰ ਦੀ ਕੇਦ ਤੋਂ ਛੁਡਾਏਗਾ ਤਾਂ ਮੈਂ ਸਾਰੀ ਉਮਰ ਉਨਹਾਂ ਦੇ ਚਰਨਾਂ ਵਿੱਚ ਰਹਿ ਕੇ ਉਨਹਾਂ ਦੀ ਹੀ ਸੇਵਾ ਕਰਾਂਗਾ। ਹੁਣ ਤੁਸੀਂ ਮੇਨੂੰ ਤੇ ਮੇਰੀ ਸੇਵਾ ਨੂੰ ਸਵੀਕਾਰ ਕਰੋ। ਐਨਾ ਸੁਣਨ ਤੋਂ ਬਾਅਦ ਲੱਖਦਾਤਾ ਜੀ ਨੇ ਕਿਹਾ ਠੀਕ ਹੇ ਭੈਰੋਂ ਜੇ ਇਹ ਗੱਲ ਹੇ ਤਾਂ ਫਿਰ ਆਜਾ ਸਾਡੇ ਨਾਲ ਤੇ ਅੱਜ ਤੇ ਤੂੰ ਸਾਡੇ ਦਰਬਾਰ ਦਾ ਅਗਵਾਨ ਹੋਇਆ। ਲੱਖਦਾਤਾ ਜੀ ਭੈਰੋਂ ਨੂੰ ਆਪਣੇ ਨਾਲ ਲੇ ਗਏ ਤੇ ਦਰਬਾਰ ਦਾ ਅਗਵਾਨ ਬਣਾ ਲਿਆ।

ਅੱਜ ਦੁਨਿਆ ਵਿੱਚ ਜਿੱਥੇ ਵੀ ਲੱਖ ਦਾਤਾ ਜੀ ਦਾ ਦਰਬਾਰ ਬਣਿਆ ਹੋਇਆ ਹੇ ਤਾਂ ਉੱਥੇ ਭੈਰੋਂ ਜਤੀ ਜੀ ਦਾ ਦਰਬਾਰ ਵੀ ਨਾਲ ਹੀ ਬਣਿਆ ਹੋਇਆ ਹੇ, ਜਿੱਥੇ ਲੱਖਦਾਤਾ ਜੀ ਦੀ ਪੂਜਾ ਹੁੰਦੀ ਹੇ ਤਾਂ ਭੈਰੋਂ ਜੀ ਦੀ ਪੂਜਾ ਵੀ ਨਾਲ ਹੀ ਹੁੰਦੀ ਹੇ। ਅੱਜ ਸਾਰੀ ਦੁਨਿਆ ਜੈ-ਜੈ ਕਾਰ ਕਰ ਰਹੀ ਹੇ।

# ਲੱਖਦਾਤਾ ਜੀ ਦੀ ਮੁਰੀਦ ਦਾਨੀ ਜੱਟੀ

ਲੱਖਦਾਤਾ ਜੀ ਦੇ ਮੁਰੀਦਾਂ ਵਿੱਚ ਦਾਨੀ ਜੱਟੀ ਦਾ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ, ਦਾਨੀ ਜੱਟੀ ਬਚਪਨ ਤੋਂ ਹੀ ਲੱਖਦਾਤਾ ਜੀ ਦੀ ਬੜੀ ਸੇਵਾ ਕਰਿਆ ਕਰਦੀ ਸੀ ਤੇ ਉਸ ਦਾ ਵਿਸ਼ਵਾਸ ਲੱਖਦਾਤਾ ਜੀ ਵਿੱਚ ਬਹੁਤ ਜਿਆਦਾ ਸੀ। ਦਾਨੀ ਜੱਟੀ ਆਪਣੇ ਮਾਂ - ਬਾਪ ਨਾਲ ਪਿੰਡ ਲਾਦੇਕੀ ਵਿੱਚ ਰਹਿੰਦੀ ਸੀ। ਉਸਦੇ ਮਾਪੇ ਲੱਖ ਦਾਤਾ ਜੀ ਦੇ ਬੜੇ ਮੁਰੀਦ ਸਨ। ਉਹ ਜਦੋਂ ਵੀ ਲੱਖਦਾਤਾ ਜੀ ਦੇ ਦਰਬਾਰ ਜਾਂਦੇ ਤੇ ਦਾਨੀ ਨੂੰ ਵੀ ਨਾਲ ਹੀ ਲੈ ਜਾਂਦੇ, ਹੌਲੀ - ਹੌਲੀ ਦਾਨੀ ਵੱਡੀ ਹੋਣ ਲਗੀ। ਜਦੋਂ ਦਾਨੀ ਵਿਆਹ ਯੋਗ ਹੋਈ ਤਾਂ ਦਾਨੀ ਦਾ ਵਿਆਹ ਉਜਾਗਰ ਸਿੰਘ ਪਿੰਡ ਧੋਲੇਕੀ ਕਰ ਦਿਤਾ। ਦਾਨੀ ਦਾ ਸੋਹਰਾ ਪਰਿਵਾਰ ਲੱਖਦਾਤਾ ਜੀ ਨੂੰ ਨਹੀ ਮਨਦਾ ਸੀ ਤੇ ਉਹ ਦਾਨੀ ਨੂੰ ਵੀ ਲੱਖਦਾਤਾ ਜੀ ਦੀ ਪੂਜਾ ਕਰਨ ਤੋਂ ਰੋਕਣ ਲਗੇ। ਦਾਨੀ ਲੱਖ ਦਾਤਾ ਜੀ ਦੀ ਪੂਜਾ ਕਰਨੋ ਨਾ ਹਟੀ, ਉਹ ਨਿਆਜ਼, ਚੂਰਮਾ, ਕਨਕ ਦੇ ਰੋੜੇ ਬਣਾਉਂਦੀ ਮੱਥੇ ਟੇਕਦੀ ਤੇ ਪ੍ਰਸ਼ਾਦ ਵੰਡਦੀ। ਦਾਨੀ ਦਾ ਸੋਹਰਾ ਪਰਿਵਾਰ ਤੇ ਪਤੀ ਉਜਾਗਰ ਸਿੰਘ ਵੀ ਦਾਨੀ ਨੂੰ ਮਨਾ ਕਰਦੇ ਕੀ ਤੂੰ ਮੁਸਲਮਾਨ ਦੀ ਪੂਜਾ ਨਾ ਕਰ ਜਿੱਥੇ ਅਸੀਂ ਜਾਂਦੇ ਹਾਂ ਜਿਸ ਨੂੰ ਅਸੀਂ ਮੰਦੇ ਹਾਂ ਤੂੰ ਵੀ ਉਨ੍ਹਾਂ ਦੀ ਹੀ ਪੂਜਾ ਕਰ, ਦਾਨੀ ਨੇ ਬੜੇ ਅਦਬ ਨਾਲ ਜਵਾਬ ਦਿਤਾ ਕੀ ਮੈਂ ਸਾਰੇ ਗੁਰੂ-ਪੀਰਾਂ ਦਾ ਸਭ ਧਰਮਾਂ ਦਾ ਸਤਿਕਾਰ ਕਰਦੀ ਹਾਂ ਪਰ ਮੇਰਾ ਵਿਸ਼ਵਾਸ ਤਾਂ ਸਿਰਫ ਲੱਖਦਾਤਾ ਪੀਰ ਜੀ ਦੇ ਵਿੱਚ ਹੈ, ਉਨ੍ਹਾਂ ਤੇ ਇਲਾਵਾ ਮੈਂ ਕਿਸੇ ਨੂੰ ਆਪਣਾ ਗੁਰੂ ਨਹੀ ਮੰਨ ਸਕਦੀ। ਇਸ ਗੱਲ ਨੂੰ ਲੈ ਕੇ ਸਾਰਾ ਪਰਿਵਾਰ ਦਾਨੀ ਨੂੰ ਬਹੁਤ ਤੰਗ ਕਰਨ ਲੱਗਾ।

ਇੱਕ ਦਿਨ ਦਾਨੀ ਆਪਣੇ ਵੇਹੜੇ ਵਿੱਚ ਝਾੜੂ ਮਾਰ ਰਹੀ ਸੀ ਤੇ ਕੀ ਦੇਖਿਆ ਕੀ ਵੇਹੜੇ ਵਿੱਚ ਇਕ ਤੰਦੀਰਾ (ਗਲੇ ਦਾ ਹਾਰ) ਪਿਆ ਹੈ। ਦਾਨੀ ਨੇ ਤੰਦੀਰਾ ਚੁਕਿਆ ਤੇ ਆਪਣੀ ਸੱਸ ਨੂੰ ਆਵਾਜ਼ ਮਾਰੀ ਕੀ ਬੇਬੇ ਜੀ ਇਹ ਵੇਹੜੇ ਵਿੱਚ ਇਕ ਤੰਦੀਰਾ ਪਿਆ ਹੈ ਪਤਾ ਨਹੀ ਕਿਸ ਦਾ ਹੈ। ਏਨਾ ਸੁਣਦੇ ਸਾਰ ਹੀ ਦਾਨੀ ਦੀ ਸੱਸ ਵੇਹੜੇ ਵੱਲ ਭੱਜੀ ਆਈ ਤੇ ਦਾਨੀ ਤੋ ਤੰਦੀਰਾ ਖੋਹ ਲਿਆ ਤੇ ਕਿਹਾ ਦਾਨੀਏ ਤੂੰ ਇਹ ਕੀ ਕੀਤਾ, ਇਹ ਤਾਂ ਮੇਰੇ ਵਿਆਹ ਦਾ ਹੈ ਜੋ ਮੈਨੂੰ ਦਹੇਜ ਵਿੱਚ ਮਿਲਿਆ ਸੀ ਤੇ ਤੂੰ ਇਸ ਨੂੰ ਚੋਰੀ ਕਰ ਲਿਆ। ਦਾਨੀ ਨੇ ਕਿਹਾ ਬੇਬੇ ਜੀ ਮੈਂ ਚੋਰੀ ਨਹੀ ਕੀਤਾ ਮੈਂ ਤਾਂ ਵੇਹੜੇ ਵਿੱਚ ਝਾੜੂ ਮਾਰ ਰਹੀ ਸੀ ਤੇ ਮੈਨੂੰ ਵੇਹੜੇ ਵਿੱਚ ਪਿਆ ਮਿਲਿਆ ਹੈ। ਦਾਨੀ ਦੀ ਸੱਸ ਨੇ ਤੰਦੀਰਾ ਆਪਣੇ ਗਲੇ ਵਿੱਚ ਪਾ ਲਿਆ ਤੇ ਕਿਹਣ ਲੱਗੀ ਕੀ ਸਾਰੀ ਉਮਰ ਤਾਂ ਮੈਂ ਇਸ ਨੂੰ ਨਹੀ ਪਿਹਨਿਆ ਚਲੋ ਅੱਜ ਤਾਂ ਪਾ ਕੇ ਦੇਖ ਲਵਾਂ। ਜਿਸ ਵੇਲੇ ਦਾਨੀ ਦੀ ਸੱਸ ਨੇ ਤੰਦੀਰਾ ਗਲੇ ਵਿੱਚ ਪਾਇਆ ਤਾਂ ਤੰਦੀਰਾ ਸੱਪ ਬਣ ਗਿਆ। ਗਲ ਵਿੱਚ ਪਿਆ ਸੱਪ ਦੇਖ ਕੇ ਦਾਨੀ ਦੀ ਸੱਸ ਰੌਲਾ ਪਾਉਣ ਲੱਗੀ ਤੇ ਉਸ ਦੀਆਂ ਚੀਕਾਂ ਸੁਣ ਕੇ ਸਾਰਾ ਪਰਿਵਾਰ ਤੇ ਆਂਢ-ਗਵਾਂਢ ਦੇ ਲੋਗ ਇੱਕਠੇ ਹੋ ਗਏ। ਸਾਰੇ ਰੱਬ ਨੂੰ ਯਾਦ ਕਰਨ ਲੱਗੇ, ਅਖੀਰ ਦਾਨੀ ਦੀ ਸੱਸ ਨੇ ਦਾਨੀ ਨੂੰ ਕਿਹਾ ਕੀ ਦਾਨੀਏ ਆਪਣੇ ਪੀਰ ਲੱਖਦਾਤਾ ਜੀ ਨੂੰ ਯਾਦ ਕਰ ਉਹ ਮੇਰੀ ਸਹਾਇਤਾ ਜ਼ਰੂਰ ਕਰਨਗੇ, ਮੈਂ ਝੂਠ ਬੋਲਿਆ ਸੀ ਅਸਲ ਵਿੱਚ ਇਹ ਤੰਦੀਰਾ ਮੇਰਾ ਨਹੀ ਹੈ, ਇਹ ਗੱਲ ਸੁਣਦਿਆ ਦਾਨੀ ਨੇ ਕਿਹਾ ਬੇਬੇ ਜੇ ਤੇਰਾ ਕਸੂਰ ਹੈ ਤੇ ਤੂੰ ਆਪਣਾ ਕਸੂਰ ਮੰਨਦੀ ਹੈ ਤਾਂ ਤੂੰ ਲੱਖਦਾਤਾ ਜੀ ਨੂੰ ਆਪੇ ਯਾਦ ਕਰ ਸ਼ਾਇਦ ਤੂੰ ਬਚ ਜਾਵੇਂ। ਦਾਨੀ ਦੀ ਸੱਸ ਪੀਰ ਲੱਖਦਾਤਾ ਜੀ ਨੂੰ ਰੋ -ਰੋ ਕੇ ਤੇ ਉੱਚੀ - ਉੱਚੀ ਅਵਾਜ਼ਾ ਮਾਰਨ ਲੱਗੀ। ਆਪਣੀ ਸੱਸ ਨੂੰ ਰੋਂਦਿਆ ਦੇਖ ਕੇ ਦਾਨੀ ਤੋਂ ਰਿਹਾ ਨਾ ਗਿਆ ਤੇ ਉਸਨੇ ਆਪਣੇ ਪੀਰ ਲੱਖਦਾਤਾ ਜੀ ਦੇ ਅੱਗੇ ਫਰਿਆਦ ਕੀਤੀ। ਇਹ ਸਾਰਾ ਖੇਲ ਤਾਂ ਪੀਰ ਲੱਖਦਾਤਾ ਜੀ ਦਾ ਰਚਿਆ ਹੋਇਆ ਸੀ ਤਾਂ ਉਸੇ ਵੇਲੇ ਪੀਰ ਜੀ ਦੀ ਰਹਿਮਤ ਹੋਈ ਤੇ ਦਾਨੀ ਦੀ ਸੱਸ ਦੇ ਗਲੇ ਵਿੱਚ ਨਾ ਸੱਪ ਰਿਹਾ ਤੇ ਨਾਂ ਤੰਦੀਰਾ ਰਿਹਾ। ਏਨਾ ਦੇਖ ਕੇ ਸਾਰੇ ਲੋਕ ਹੈਰਾਨ ਹੋ ਗਏ ਤੇ ਸਾਰੇ ਲੋਕ ਦਾਨੀ ਨੂੰ ਚੰਗੀ ਸਮਝਣ ਲੱਗੇ ਤੇ ਦਾਨੀ ਦੀ ਸੱਸ ਨੂੰ ਦਾਨੀ ਨੂੰ ਕਿਹਾ ਦਾਨੀਏ ਅੱਜ ਤੂੰ ਮੈਨੂੰ ਬਚਾ ਲਿਆ ਤੇਰਾ ਮੈਂ ਤੇਰਾ ਸ਼ੁਕਰੀਆ ਕਿਵੇ ਕਰਾਂ, ਤੂੰ ਬਹੁਤ ਚੰਗੀ ਹੈ।





ਦਾਨੀ ਦੀ ਸੱਸ ਦਾਨੀ ਨੂੰ ਉਪਰਲੇ ਮੰਨੋ ਤਾਂ ਬੜੀ ਚੰਗੀ ਕਿਹੰਦੀ ਪਰ ਮੰਨ ਵਿੱਚ ਉਸਨੂੰ ਮਾੜਾ ਸਮਝਦੀ ਤੇ ਈਰਖਾ ਰਖਦੀ ਸੀ, ਸਾਰੇ ਉਸਨੂੰ ਜਾਦੂਗਰਨੀ ਤੇ ਔਂਤਰੀ (ਬੇ-ਉਲਾਦ) ਕਹਿੰਦੇ, ਦਾਨੀ ਦਾ ਜੀਨਾ ਉਸਦੀ ਸੱਸ ਨੇ ਬੜਾ ਮੁਸ਼ਕਿਲ ਕਰ ਦਿਤਾ। ਇਕ ਦਿਨ ਤੰਗ ਆ ਕੇ ਦਾਨੀ ਸ਼ਮਸ਼ਾਨ ਘਾਟ ਜਾ ਕੇ ਬੈਠ ਗਈ ਤੇ ਆਪਣੇ ਪੀਰ ਲੱਖਦਾਤਾ ਜੀ ਨੂੰ ਯਾਦ ਕਰਨ ਲੱਗੀ ਤੇ ਫ਼ਰਿਆਦ ਕਰਨ ਲੱਗੀ ਕੀ " ਹੇ ਮੇਰੇ ਸੱਚਿਆ ਪੀਰਾ ਲੋਕ ਤਾਂ ਮਾਰਨ ਤੋਂ ਬਾਅਦ ਇੱਥੇ ਆਉਂਦੇ ਹਨ ਦੇਖ ਮੈਂ ਜਿੰਦੇ - ਜੀ ਇੱਥੇ ਆ ਗਈ ਹਾਂ ਹੋ ਸਕੇ ਤਾਂ ਮੇਰੀ ਜਾਨ ਲੈ ਲਾ ਤੇ ਮੈਨੂੰ ਇਸ ਜਨਮ ਤੋਂ ਛੁਟਕਾਰਾ ਦੇ ਦੇ "। ਉਸਦੀ ਦਰਦ ਭਰੀ ਫਰਿਆਦ ਸੁਣ ਕੇ ਪੀਰ ਲੱਖਦਾਤਾ ਜੀ ਪਰਗਟ ਹੋਏ ਤੇ ਦਾਨੀ ਨੂੰ ਕਿਹਣ ਲੱਗੇ ਹੋਇਆ ਦਾਨੀਏ ਤੂੰ ਕਿਓਂ ਰੋ ਰਹੀ ਹੈ - ਪਿਹਲਾਂ ਤਾਂ ਆਪਣੇ ਸਾਹਮਣੇ ਪੀਰ ਲੱਖਦਾਤਾ ਜੀ ਨੂੰ ਦੇਖ ਕੇ ਦਾਨੀ ਘਬਰਾ ਗਈ ਤੇ ਫਿਰ ਸੰਭਲ ਕੇ ਆਪਣੇ ਮੁਰਸ਼ਿਦ ਲੱਖਦਾਤਾ ਜੀ ਨੂੰ ਸਲਾਮ ਕੀਤੀ ਤੇ ਰੋਂਦਿਆ ਹੋਇਆ ਦੋਵੇਂ ਹੱਥ ਜੋੜ ਕੇ ਫਰਿਆਦ ਕਰਨ ਲੱਗੀ "ਦਾਤਾ ਜੀ ਮੈਂ ਬਹੁਤ ਦੁਖੀ ਹਾਂ ਸਾਰੇ ਮੇਰੇ ਪਿੱਛੇ ਪਏ ਹੋਏ ਨੇ ਮੇਰੇ ਸੋਹਰੇ ਮੈਨੂੰ ਬਹੁਤ ਮਾੜਾ ਬੋਲਦੇ ਹਨ ਤੇ ਮੈਨੂੰ ਔਂਤਰੀ ਕਿਹ ਕੇ ਬਹੁਤ ਦੁਖੀ ਕਰਦੇ ਹਨ, ਦਾਤਾ ਜੀ ਮੇਰੇ ਤੇ ਮੇਹਰ ਕਰੋ ਯਾਂ ਤਾਂ ਮੈਨੂੰ ਮੋਤ ਦੇ ਦੋ ਯਾਂ ਫਿਰ ਇੱਕ ਲਾਲ (ਪੁੱਤਰ) ਦੀ ਦਾਤ ਬਖਸ਼ੋ "। ਪੀਰ ਲੱਖਦਾਤਾ ਜੀ ਨੇ ਦਾਨੀ ਨੂੰ ਕਿਹਾ ਦਾਨੀ ਅਸੀਂ ਤੇਰੀ ਸੱਚੀ ਸ਼ਰਧਾ ਤੋਂ ਬਹੁਤ ਖੁਸ਼ ਹਾਂ ਤੇ ਖੁਸ਼ ਹੋ ਕੇ ਤੈਨੂੰ ਵਰਦਾਨ ਦੇਂਦੇ ਹਾਂ ਕੀ ਤੇਰੇ ਇੱਕ ਪੁੱਤਰ ਹੋਵੇਗਾ, ਪਰ ਯਾਦ ਰੱਖੀ ਪੁੱਤਰ ਹੋਣ ਤੇ ਸਾਡੇ ਵਡੇ ਪੀਰ ਨਿਗਾਹੇ ਤੇ ਜਾ ਕੇ ਪੁੱਤਰ ਦਾ ਮੱਥਾ ਜ਼ਰੂਰ ਟਿਕਵਾ ਦੇਵੀਂ ਤੇ ਢੋਲ ਵਾਲੇ ਭਰਾਈ ਨੂੰ ਬੁਲਾ ਕੇ ਟਾਹਰ ਲਵਾ ਦੇਵੀਂ ਤੇ ਭੁੱਲੀ ਨਾ। ਏਨਾ ਵਚਨ ਕਰ ਕੇ ਲੱਖਦਾਤਾ ਜੀ ਅਲੋਪ ਹੋ ਗਏ ਤੇ ਦਾਨੀ ਵੀ ਖੁਸ਼ੀ - ਖੁਸ਼ੀ ਘਰ ਨੂੰ ਵਾਪਿਸ ਮੁੜ ਆਈ।

ਸਮਾਂ ਆਉਣ ਤੇ ਦਾਨੀ ਨੇ ਬੜੇ ਸੋਹਣੇ ਬੱਚੇ (ਪੁੱਤਰ) ਨੂੰ ਜਨਮ ਦਿਤਾ। ਥੋੜੇ ਸਮੇਂ ਬਾਅਦ ਦਾਨੀ ਨੇ ਆਪਣੇ ਸਹੁਰੇ ਪਰਿਵਾਰ ਨੂੰ ਕਿਹਾ ਕੀ ਮੈਂ ਪੀਰ ਨਿਗਾਹੇ ਕਾਕੇ ਨੂੰ ਲੈ ਕੇ ਮਥਾ ਟੇਕਣ ਜਾਣਾ ਹੈ ਤੇ ਦਾਨੀ ਦੇ ਸਹੁਰਿਆ ਨੇ ਸਾਫ਼ ਮਨਾ ਕਰ ਦਿਤਾ ਤੇ ਕਿਹਾ ਜਿੱਥੇ ਅਸੀਂ ਜਾਂਦੇ ਹਾਂ ਅਸੀਂ ਤਾਂ ਉੱਥੇ ਹੀ ਜਾਣਾ ਹੈ ਹੋਰ ਅਸੀਂ ਕੀਤੇ ਵੀ ਨਾ ਤੇ ਜਾਣਾ ਹੈ ਤੇ ਨਾ ਜਾਣ ਦੇਣਾ ਹੈ। ਇਸ ਗੱਲ ਨੂੰ ਲੈ ਕੇ ਘਰ ਵਿੱਚ ਲੜਾਈ ਰਿਹਣ ਲੱਗੀ ਤੇ ਇਕ ਦਿਨ ਦਾਨੀ ਨੇ ਆਪਣੇ ਘਰਵਾਲੇ ਉਜਾਗਰ ਸਿੰਘ ਨੂੰ ਕਿਹਾ ਇਨ੍ਹਾਂ ਨੇ ਤਾਂ ਇੰਝੇ ਤਰ੍ਹਾ ਕਰੀ ਜਾਣਾ ਹੈ ਤੂੰ ਦਸ ਮੇਰੇ ਨਾਲ ਵਡੇ ਪੀਰ ਨਿਗਾਹੇ ਮਥਾ ਟੇਕਣ ਵਾਸਤੇ ਚਲੇਗਾ। ਦਾਨੀ ਦੇ ਪਤੀ ਨੇ ਕਿਹਾ ਠੀਕ ਹੈ ਜਦੋਂ ਕਹੇ ਉਦੋਂ ਚਲ ਪਵਾਂਗੇ ਤਾਂ ਦਾਨੀ ਨੇ ਖੁਸ਼ੀ ਨਾਲ ਕਿਹਾ ਠੀਕ ਹੈ ਅਸੀਂ ਤਾਂ ਉਜਾਗਰ ਸਿੰਘ ਦੇ ਮੂਹੋਂ ਨਿਕਲਿਆ ਕੇ 21 ਮੋਹਰਾ ਚੜਾ ਦੇਵਾਂਗੇ। ਸਮਾਂ ਆਇਆ ਸਾਰੀਆਂ ਤਿਆਰੀਆਂ ਹੋ ਗਈਆਂ ਲੱਖਦਾਤਾ ਜੀ ਦਾ ਝੰਡਾ, ਚੂਰਮਾ ਤਿਆਰ ਕੀਤਾ ਗਿਆ ਜਦੋਂ ਤੁਰਨ ਲੱਗੇ ਤਾਂ ਉਜਾਗਰ ਸਿੰਘ ਦੀ ਮਾਂ ਨੇ ਉਸ ਨੂੰ ਕਮਰੇ ਅੰਦਰ ਬੁਲਾ ਕੇ ਕਿਹਾ ਪੁੱਤ ਦਾਨੀ ਤਾਂ ਪਾਗਲ ਹੈ ਤੂੰ 21 ਮੋਹਰਾਂ ਦੇ ਬਦਲੇ 7 ਮੋਹਰਾ ਚੜਾ ਦੇਵੀਂ ਤੇ ਦਾਨੀ ਨੂੰ ਪਤਾ ਨਾ ਲੱਗੇ ਧਿਆਨ ਰੱਖੀਂ। ਦਾਨੀ ਆਪਣੇ ਪੁੱਤਰ ਤੇ ਪਤੀ ਉਜਾਗਰ ਸਿੰਘ ਦੇ ਨਾਲ ਖੁਸ਼ੀ - ਖੁਸ਼ੀ ਘਰੋਂ ਆਪਣੇ ਪੀਰ ਲੱਖਦਾਤਾ ਜੀ ਦੇ ਦਰਬਾਰ ਵੱਡੇ ਪੀਰ ਨਿਗਾਹੇ ਵੱਲ ਨੂੰ ਤੁਰ ਪਈ। ਦਾਨੀ ਬਹੁਤ ਖੁਸ਼ ਸੀ ਕੀ ਅੱਜ ਆਪਣੇ ਪੀਰ ਜੀ ਦੇ ਦਵਾਰੇ ਜਾ ਰਹੀ ਹੈ ਪਰ ਉਸ ਨੂੰ ਕੀ ਪਤਾ ਸੀ ਕੀ ਉਸਦੇ ਪਤੀ ਦੇ ਦਿਲ - ਦਿਮਾਗ ਦੇ ਵਿੱਚ ਤਾਂ ਚਲਾਕੀ, ਧੋਖਾ ਤੇ ਖੋਟ ਭਰੀ ਹੋਈ ਹੈ। ਚਲਦਿਆ - ਚਲਦਿਆ ਜਦੋਂ ਉਹ ਨਿਗਾਹੇ ਤੋਂ ਥੋੜੀ ਦੂਰ ਰਹ ਗਏ ਤਾਂ ਦਾਨੀ ਨੇ ਮਿਹਸੂਸ ਕੀਤਾ ਕੀ ਕਾਕਾ ਤਾਂ ਹਿਲਦਾ - ਜੁਲਦਾ ਹੀ ਨਹੀ ਤੇ ਨਾ ਹੀ ਸੁਰਤ ਕਰਦਾ ਪਿਆ ਹੈ ਜਦੋਂ ਦਾਨੀ ਨੇ ਧਿਆਨ ਨਾਲ ਦੇਖਿਆ ਤਾਂ ਦਾਨੀ ਦੇ ਹੋਸ਼ ਉੱਡ ਗਏ ਕੀ ਦੇਖਿਆ ਕੀ ਉਸਦੇ ਪੁੱਤਰ ਦੀ ਤਾਂ ਮੋਤ ਹੋ ਚੁੱਕੀ ਹੈ। ਦਾਨੀ ਕੁਝ ਨਹੀ ਬੋਲੀ ਤੇ ਮੰਨ ਹੀ ਮੰਨ ਆਪਣੇ ਪੀਰ ਲੱਖਦਾਤਾ ਜੀ ਨੂੰ ਯਾਦ ਕਰੀ ਜਾ ਰਹੀ ਹੈ ਤੇ ਤੁਰੀ ਜਾ ਰਹੀ ਹੈ। ਤਾਂ ਉਸੇ ਵੇਲੇ ਦਾਨੀ ਦੇ ਪਤੀ ਉਜਾਗਰ ਸਿੰਘ ਨੇ ਦਾਨੀ ਨੂੰ ਕਿਹਾ ਕੀ ਦਾਨੀਏ ਕਾਕਾ ਮੈਨੂੰ ਫੜਾ ਦੇ ਤੂੰ ਥੱਕ ਗਈ ਹੋਵੇਗੀ ਤਾਂ ਦਾਨੀ ਨੇ ਕਿਹਾ ਕੋਈ ਗੱਲ ਨਹੀ ਮੈਂ ਠੀਕ ਹਾਂ ਤੁਸੀਂ ਚਲਦੇ ਚੱਲੋ - "ਕਾਕਾ ਕਿਵੇਂ ਫੜਾਂਦੀ ਕਾਕੇ ਦੀ ਤਾਂ ਮੋਤ ਹੋ ਚੁੱਕੀ ਸੀ ਤੇ ਦਾਨੀ ਨੂੰ ਡਰ ਸੀ ਕੀ ਕੀਤੇ ਉਸਦਾ ਘਰਵਾਲਾ ਉਸਦੇ ਪੀਰ ਲੱਖਦਾਤਾ ਜੀ ਨੂੰ ਮਾੜੇ ਵਚਨ ਬੋਲੇਗਾ ਤੇ ਕਹੇਗਾ ਜੇ ਬੱਚਾ ਲੇਣਾ ਹੀ ਸੀ ਤੇ ਦਿਤਾ ਕਿਓਂ। ਇਹੀਂ ਸੋਚਾਂ ਵਿੱਚ ਡੁਬੀ ਦਾਨੀ ਤੁਰੀ ਜਾ ਰਹੀ ਹੈ ਤੇ ਅਖੀਰ ਉਹ ਪੀਰ ਨਿਗਾਹੇ ਪਹੁੰਚ ਗਏ। ਦਾਨੀ ਦੇ ਘਰਵਾਲੇ ਦੇ ਮੰਨ ਵਿੱਚ ਸ਼ੈਤਾਨੀ ਸੀ ਉਸਨੇ ਸੋਚਿਆ ਕੀ ਅਗਰ ਮੈਂ ਦਾਨੀ ਦੇ ਨਾਲ ਮੱਥਾ ਟੇਕਣ ਵਾਸਤੇ ਗਿਆ ਤਾਂ 21 ਮੋਹਰਾਂ ਚੜ੍ਹਾਣਿਆ ਪੈਣ ਗਿਆ ਤੇ ਇਹ ਸੋਚ ਕੇ ਉਸਨੇ ਦਾਨੀ ਨੂੰ ਕਿਹਾ, ਦਾਨੀਏ ਪਿਹਲਾ ਮੈਂ ਮੱਥਾ ਟੇਕ ਆਉਂਦਾ ਹਾਂ ਤੇ ਤੂੰ ਕਾਕੇ ਨੂੰ ਲੈ ਕੇ ਬਾਅਦ ਵਿੱਚ ਮੱਥਾ ਟੇਕ ਆਵੀਂ, ਦਾਨੀ ਨੇ ਕਿਹਾ ਠੀਕ ਹੈ। ਉਜਾਗਰ ਸਿੰਘ ਲੱਖਦਾਤਾ ਜੀ ਦਾ ਝੰਡਾ ਤੇ ਪ੍ਰਸ਼ਾਦ ਲੈ ਕੇ ਦਰਬਾਰ ਦੇ ਅੰਦਰ ਮੱਥਾ ਟੇਕਣ ਵਾਸਤੇ ਚਲਾ ਗਿਆ, ਮੰਨ ਵਿੱਚ ਸੋਚਿਆ ਕੀ ਪੀਰ ਜੀ ਕਿਹੜਾ ਦੇਖਦੇ ਹਨ ਕਿਹੜਾ ਕਿਸੇ ਨੂੰ ਪਤਾ ਲੱਗਣਾ ਹੈ ਇਹ ਸੋਚ ਕੇ ਉਜਾਗਰ ਸਿੰਘ ਨੇ ਝੰਡਾ ਚੜਾ ਕੇ ਤੇ 7 ਮੋਹਰਾਂ ਰੱਖ ਦਿਤੀਆਂ ਤੇ ਮੱਥਾ ਟੇਕ ਕੇ ਬਾਹਰ ਆ ਗਿਆ। ਬਾਹਰ ਆ ਕੇ ਦਾਨੀ ਨੂੰ ਕਿਹਾ ਕੀ ਦਾਨੀਏ ਮੈਂ ਮੱਥਾ ਟੇਕ ਆਇਆ ਹਾਂ ਹੁਣ ਤੂ ਕਾਕੇ ਨੂੰ ਲੈ ਕੇ ਜਾ, ਤੇ ਮੱਥਾ ਟੇਕ ਆਵੇ। ਜਦੋਂ ਦਾਨੀ ਦਰਬਾਰ ਦੇ ਅੰਦਰ ਗਈ ਤੇ ਮਜ਼ਾਰ ਵੱਲ ਵੇਖਿਆ ਤੇ ਉੱਚੀ-ਉੱਚੀ ਰੋਣ ਲੱਗੀ ਤੇ ਫਰਿਆਦ ਕਰਨ ਲੱਗੀ " ਦਾਤਾ ਜੀ ਤੁਸੀਂ ਆਪੇ ਲਾਲ ਦੇ ਕੇ ਤੇ ਆਪੇ ਵਾਪਿਸ ਖੋਹ ਲਿਆ, ਤੁਸੀਂ ਮੇਰੇ ਨਾਲ ਇਵੇਂ ਕਿਓਂ ਕੀਤਾ, ਇਹ ਕਿਹਣਦਿਆ ਹੋਇਆ ਦਾਨੀ ਨੇ ਕਾਕੇ ਨੂੰ ਮਜ਼ਾਰ ਦੇ ਨਾਲ ਲੱਮਾਂ ਪਾ ਦਿਤਾ ਤੇ ਰੋਣ ਲੱਗੀ ਤਾਂ ਉਸੇ ਵੇਲੇ ਦਾਨੀ ਨੂੰ ਇੱਕ ਆਕਾਸ਼ਵਾਣੀ ਸੁਣਾਈ ਦਿਤੀ ਕੀ " ਦਾਨੀਏ ਅਸੀਂ ਲਾਲ ਦੇ ਕੇ ਵਾਪਿਸ ਨਹੀ ਲੈਂਦੇ ਥੋੜਾ ਸਬਰ ਕਰ, ਤੇਰਾ ਬੱਚਾ ਬਿਲਕੁਲ ਠੀਕ - ਠਾਕ ਹੈ ਉਹ ਮਰਿਆ ਨਹੀ ਜਿੰਦਾ ਹੈ, ਪਰ ਤੇਰੇ ਘਰਵਾਲੇ ਨੇ ਧੋਖਾ ਕੀਤਾ ਹੈ ਉਸਨੇ 21 ਮੋਹਰਾ ਸੁੱਖ ਕੇ ਚੜ੍ਹਾਈਆਂ ਸਿਰਫ 7, ਤੂੰ ਘਬਰਾ ਨਾ ਜਾਹ ਜਾ ਕੇ ਆਪਣੇ ਘਰਵਾਲੇ ਨੂੰ ਪੁੱਛ ਕੀ ਕਿੰਨੀਆ ਮੋਹਰਾ ਸੁਖੀਆਂ ਸੀ ਤੇ ਕਿੰਨੀਆਂ ਚੜ੍ਹਾਈਆਂ। ਦਾਨੀ ਦੇ ਘਰਵਾਲੇ ਦੇ ਮੰਨ ਵਿੱਚ ਸ਼ੈਤਾਨੀ ਸੀ ਉਸਨੇ ਸੋਚਿਆ ਕੀ ਅਗਰ ਮੈਂ ਦਾਨੀ ਦੇ ਨਾਲ ਮੱਥਾ ਟੇਕਣ ਵਾਸਤੇ ਗਿਆ ਤਾਂ 21 ਮੋਹਰਾਂ ਚੜ੍ਹਾਣਿਆ ਪੈਣ ਗਿਆ ਤੇ ਇਹ ਸੋਚ ਕੇ ਉਸਨੇ ਦਾਨੀ ਨੂੰ ਕਿਹਾ, ਦਾਨੀਏ ਪਿਹਲਾ ਮੈਂ ਮੱਥਾ ਟੇਕ ਆਉਂਦਾ ਹਾਂ ਤੇ ਤੂੰ ਕਾਕੇ ਨੂੰ ਲੈ ਕੇ ਬਾਅਦ ਵਿੱਚ ਮੱਥਾ ਟੇਕ ਆਵੀਂ, ਦਾਨੀ ਨੇ ਕਿਹਾ ਠੀਕ ਹੈ। ਉਜਾਗਰ ਸਿੰਘ ਲੱਖਦਾਤਾ ਜੀ ਦਾ ਝੰਡਾ ਤੇ ਪ੍ਰਸ਼ਾਦ ਲੈ ਕੇ ਦਰਬਾਰ ਦੇ ਅੰਦਰ ਮੱਥਾ ਟੇਕਣ ਵਾਸਤੇ ਚਲਾ ਗਿਆ, ਮੰਨ ਵਿੱਚ ਸੋਚਿਆ ਕੀ ਪੀਰ ਜੀ ਕਿਹੜਾ ਦੇਖਦੇ ਹਨ ਕਿਹੜਾ ਕਿਸੇ ਨੂੰ ਪਤਾ ਲੱਗਣਾ ਹੈ ਇਹ ਸੋਚ ਕੇ ਉਜਾਗਰ ਸਿੰਘ ਨੇ ਝੰਡਾ ਚੜਾ ਕੇ ਤੇ 7 ਮੋਹਰਾਂ ਰੱਖ ਦਿਤੀਆਂ ਤੇ ਮੱਥਾ ਟੇਕ ਕੇ ਬਾਹਰ ਆ ਗਿਆ। ਬਾਹਰ ਆ ਕੇ ਦਾਨੀ ਨੂੰ ਕਿਹਾ ਕੀ ਦਾਨੀਏ ਮੈਂ ਮੱਥਾ ਟੇਕ ਆਇਆ ਹਾਂ ਹੁਣ ਤੂ ਕਾਕੇ ਨੂੰ ਲੈ ਕੇ ਜਾ, ਤੇ ਮੱਥਾ ਟੇਕ ਆਵੇ। ਜਦੋਂ ਦਾਨੀ ਦਰਬਾਰ ਦੇ ਅੰਦਰ ਗਈ ਤੇ ਮਜ਼ਾਰ ਵੱਲ ਵੇਖਿਆ ਤੇ ਉੱਚੀ-ਉੱਚੀ ਰੋਣ ਲੱਗੀ ਤੇ ਫਰਿਆਦ ਕਰਨ ਲੱਗੀ " ਦਾਤਾ ਜੀ ਤੁਸੀਂ ਆਪੇ ਲਾਲ ਦੇ ਕੇ ਤੇ ਆਪੇ ਵਾਪਿਸ ਖੋਹ ਲਿਆ, ਤੁਸੀਂ ਮੇਰੇ ਨਾਲ ਇਵੇਂ ਕਿਓਂ ਕੀਤਾ, ਇਹ ਕਿਹਣਦਿਆ ਹੋਇਆ ਦਾਨੀ ਨੇ ਕਾਕੇ ਨੂੰ ਮਜ਼ਾਰ ਦੇ ਨਾਲ ਲੱਮਾਂ ਪਾ ਦਿਤਾ ਤੇ ਰੋਣ ਲੱਗੀ ਤਾਂ ਉਸੇ ਵੇਲੇ ਦਾਨੀ ਨੂੰ ਇੱਕ ਆਕਾਸ਼ਵਾਣੀ ਸੁਣਾਈ ਦਿਤੀ ਕੀ " ਦਾਨੀਏ ਅਸੀਂ ਲਾਲ ਦੇ ਕੇ ਵਾਪਿਸ ਨਹੀ ਲੈਂਦੇ ਥੋੜਾ ਸਬਰ ਕਰ, ਤੇਰਾ ਬੱਚਾ ਬਿਲਕੁਲ ਠੀਕ - ਠਾਕ ਹੈ ਉਹ ਮਰਿਆ ਨਹੀ ਜਿੰਦਾ ਹੈ, ਪਰ ਤੇਰੇ ਘਰਵਾਲੇ ਨੇ ਧੋਖਾ ਕੀਤਾ ਹੈ ਉਸਨੇ 21 ਮੋਹਰਾ ਸੁੱਖ ਕੇ ਚੜ੍ਹਾਈਆਂ ਸਿਰਫ 7, ਤੂੰ ਘਬਰਾ ਨਾ ਜਾਹ ਜਾ ਕੇ ਆਪਣੇ ਘਰਵਾਲੇ ਨੂੰ ਪੁੱਛ ਕੀ ਕਿੰਨੀਆ ਮੋਹਰਾ ਸੁਖੀਆਂ ਸੀ ਤੇ ਕਿੰਨੀਆਂ ਚੜ੍ਹਾਈਆਂ। ਦਾਨੀ ਨੂੰ ਦਰਬਾਰ ਵਿੱਚੋਂ ਇੱਕਲੀ ਬਾਹਰ ਆਂਦਿਆ ਦੇਖ ਕੇ ਉਸਦੇ ਪਤੀ ਨੇ ਦਾਨੀ ਤੋਂ ਪੁੱਛਿਆ ਕੀ ਦਾਨੀਏ ਤੂੰ ਇੱਕਲੀ ਆਈਂ ਹੈ ਕਾਕਾ ਕਿੱਥੇ ਹੈ ਉਸਨੂੰ ਨਹੀ ਲੈ ਕੇ ਆਈ, ਤਾਂ ਦਾਨੀ ਨੇ ਕਿਹਾ ਉਸਨੂੰ ਤਾਂ ਪੀਰ ਲੱਖਦਾਤਾ ਜੀ ਨੇ 14 ਮੋਹਰਾਂ ਵਿੱਚ ਰੱਖ ਲਿਆ ਹੈ, ਏਨਾ ਸੁਣਦੇ ਸਾਰ ਹੀ ਉਜਾਗਰ ਸਿੰਘ ਦੇ ਪੈਰਾਂ ਦੀ ਮਿੱਟੀ ਨਿੱਕਲ ਗਈ ਤੇ ਸੰਭਲਦਿਆ ਹੋਇਆ ਬੋਲਿਆ ਕੀ ਕਿਹਾ ਮੈਂ ਸਮਝਿਆ ਨਹੀ ਦਾਨੀਏ ਤੂੰ ਕੀ ਕਿਹ ਰਹੀ ਹੈ, ਤਾਂ ਦਾਨੀ ਨੇ ਕਿਹਾ ਤੁਸੀਂ 21 ਮੋਹਰਾਂ ਸੁੱਖ ਕੇ ਚੜ੍ਹਾਈਆਂ ਕਿੰਨੀਆ ਸਿਰਫ 7, ਅਗਰ ਪੁੱਤ ਚਾਹਿਦਾ ਹੈ ਤਾਂ ਮੇਹਰਬਾਨੀ ਕਰਕੇ ਜੋ ਤੇ ਲੱਖਦਾਤਾ ਜੀ ਤੋਂ ਮਾਫ਼ੀ ਮੰਗੋ ਤੇ ਬਾਕੀ ਦੀਆਂ 14 ਮੋਹਰਾਂ ਵੀ ਚੜ੍ਹਾਓ ਤੇ ਦਾਤਾ ਜੀ ਦੇ ਅੱਗੇ ਆਪਣਾ ਗੁਨਾਹ ਕਬੂਲ ਕਰੋ ਮੇਰੇ ਪੀਰ ਲੱਖਦਾਤਾ ਜੀ ਸੱਚੇ ਹਨ, ਤੁਸੀਂ ਤੇ ਤੁਹਾਡਾ ਸਾਰਾ ਪਰਿਵਾਰ ਝੂਠਾ ਹੈ। ਏਨਾ ਸੁਣਦੇ ਸਾਰ ਹੀ ਉਜਾਗਰ ਸਿੰਘ ਦੇ ਹੋਸ਼ ਉੱਡ ਗਏ ਤੇ ਉਹ ਪਾਗਲਾਂ ਵਾਂਗ ਰੋਂਦਾ ਕੁਰਲਾਂਦਾ ਹੋਇਆ ਦਰਬਾਰ ਵੱਲ ਭੱਜਿਆ ਤੇ ਬਾਕੀ ਦੀਆਂ 14 ਮੋਹਰਾ ਚੜ੍ਹਾ ਕੇ ਮਾਫੀਆਂ ਮੰਗਨ ਲੱਗਾ। ਉਜਾਗਰ ਸਿੰਘ ਨਾਕ ਰਗੜ ਰਿਹਾ ਹੈ ਤੇ ਆਪਣੀ ਗਲਤੀਆਂ ਦੀ ਮਾਫ਼ੀ ਮੰਗ ਰਿਹਾ ਹੈ ਤੇ ਦਾਨੀ ਵੀ ਨਾਲ ਖੜੀ ਰੋ ਰਹੀ ਹੈ। ਇਨ੍ਹਾਂ ਦੋਵਾਂ ਦੀ ਚੀਖ਼ ਪੁਕਾਰ ਸੁਨ ਕੇ ਪੀਰ ਲੱਖ ਦਾਤਾ ਜੀ ਨੇ ਦਾਨੀ ਦੇ ਪਤੀ ਉਜਾਗਰ ਸਿੰਘ ਨੂੰ ਬਖਸ਼ ਦਿਤਾ ਤੇ ਦਾਨੀ ਦਾ ਪੁੱਤਰ ਇਕ ਦਮ ਹਿੱਲਿਆ ਤੇ ਰੋਣ ਲੱਗਾ ਤੇ ਉਸੇ ਵੇਲੇ ਫਿਰ ਆਕਾਸ਼ਵਾਣੀ ਹੋਈ - " ਦਾਨੀਏ ਜਾਹ ਅਸੀਂ ਤੁਹਾਨੂੰ ਮਾਫ਼ ਕੀਤਾ ਤੇ ਇਸ ਕਾਕੇ ਦਾ ਨਾਮ ਪਰਾਗਾ ਰਖ ਦੇਵੀਂ ਤੇ ਅਸੀਂ ਵਚਨ ਕਰਦੇ ਹਾਂ ਕੀ ਇਸ ਬੱਚੇ ਦਾ ਨਾਮ ਦੁਨੀਆਂ ਵਿੱਚ ਰੋਸ਼ਨ ਤੇ ਰਿਹੰਦੀ ਦੁਨੀਆਂ ਤਕ ਤੇਰਾ ਨਾਮ ਵੀ ਬੜੇ ਅਦਬ ਨਾਲ ਲਿਆ ਜਾਵੇਗਾ ਹੁਣ ਤੁਸੀਂ ਜਾਓ"।

ਦਾਨੀ ਨੇ ਕਾਕੇ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ ਤੇ ਆਪਣੇ ਗੁਰੂ, ਪੀਰ ਲੱਖਦਾਤਾ ਜੀ ਦਾ ਲੱਖ - ਲੱਖ ਵਾਰ ਧੰਨਵਾਦ ਕਰਦਿਆ ਹੋਇਆ ਤਿੰਨੋਂ ਜਣੇ ਦਾਨੀ ਜੱਟੀ ਉਸਦਾ ਪਤੀ ਉਜਾਗਰ ਸਿੰਘ ਤੇ ਪੁੱਤਰ ਪਰਾਗਾ ਖੁਸ਼ੀ -ਖੁਸ਼ੀ ਘਰ ਵਾਪਿਸ ਆ ਗਏ।

## Our Gallery



# Gallery

Check Our gallery

All Dargah 11 shrif



Lakhdata Ji



Dargah Hadi Hassan



Dargah Bitho Shrif



11 Sharif



Dargah Haji Pir



Parshad



Dargah Jawindi Uch shrif




11 Shrif Calender

## Our Gallery



# Gallery

Check Our gallery

All Dargah 11 shrif



Dargah Bitho Shrif



Dargah Jawindi Uch shrif

# Our Gallery



## Gallery

Check Our gallery

All Dargah 11 shrif



11 Sharif




11 Shrif Calender

# ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥ ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥

ਹੇ ਫਰੀਦਾ (ਆਪਣੇ ਹੱਥਾਂ ਦੀ ਕਮਾਈ ਹੋਈ) ਮੇਰੀ ਰੁੱਖੀ-ਮਿੱਸੀ (ਭਾਵ, ਸਾਦਾ) ਰੋਟੀ ਹੈ, ਮੇਰੀ ਭੁੱਖ ਹੀ ਇਸ ਰੋਟੀ ਨਾਲ ਸਲੂਣਾ ਹੈ। ਜੋ ਲੋਕ (ਬੇਇਮਾਨੀ ਦੀ ਕਮਾਈ ਹੋਈ) ਚੁਸਕੇ ਲੈ ਕੇ ਖਾਂਦੇ ਹਨ, ਉਹ ਅੰਤ ਵਿਚ ਬੜੇ ਕਸ਼ਟ ਸਹਿੰਦੇ ਹਨ।



## BABA FARID JI

ਬਾਬਾ ਫ਼ਰੀਦ ਦਾ ਜਨਮ 1188 (573 ਹਿਜਰੀ) ਨੂੰ ਪੰਜਾਬ ਖੇਤਰ ਦੇ ਮੁਲਤਾਨ (ਹੁਣ ਪਾਕਿਸਤਾਨ) ਤੋਂ 10 ਕਿਲੋਮੀਟਰ ਦੂਰ ਕੋਠੇਵਾਲ ਵਿੱਚ ਜਮਾਲ-ਉਦ-ਦੀਨ ਸੁਲੇਮਾਨ ਅਤੇ ਮਰੀਅਮ ਬੀਬੀ (ਕਰਸੁਮ ਬੀਬੀ) ਦੇ ਘਰ ਹੋਇਆ ਸੀ, ਜੋ ਵਜੀਹ-ਉਦ-ਦੀਨ ਖੋਜੇਂਦੀ ਦੀ ਧੀ ਸੀ।ਉਨ੍ਹਾਂ ਦਾ ਪਰਿਵਾਰ ਆਪਣੇ ਦਾਦਾ ਜੀ ਦੇ ਸਮੇਂ ਆਧੁਨਿਕ ਅਫਗਾਨਿਸਤਾਨ ਦੇ ਕਾਬੁਲ ਤੋਂ ਸਿੰਧ ਘਾਟੀ ਵਿੱਚ ਆਵਾਸ ਕਰ ਗਿਆ ਸੀ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਮੁਲਤਾਨ ਵਿੱਚ ਪ੍ਰਾਪਤ ਕੀਤੀ, ਜੋ ਕਿ ਮੁਸਲਿਮ ਸਿੱਖਿਆ ਦਾ ਕੇਂਦਰ ਬਣ ਗਿਆ ਸੀ। ਉੱਥੇ ਉਨ੍ਹਾਂ ਦੀ ਮੁਲਾਕਾਤ ਆਪਣੇ ਗੁਰੂ ਖਵਾਜਾ ਕੁਤਬੁੱਦੀਨ ਬਖਤਿਆਰ ਕਾਕੀ ਨਾਲ ਹੋਈ, ਜੋ ਬਗਦਾਦ ਤੋਂ ਦਿੱਲੀ ਜਾਂਦੇ ਸਮੇਂ ਮੁਲਤਾਨ ਵਿੱਚੋਂ ਦੀ ਲੰਘ ਰਹੇ ਸਨ। ਵੱਖ-ਵੱਖ ਵਿਦਵਾਨਾਂ ਨੇ ਬਾਬਾ ਫ਼ਰੀਦ ਜੀ ਦੇ ਜਨਮ ਸਮੇਂ ਅਤੇ ਸਥਾਨ ਬਾਰੇ ਆਪਣੀਆਂ ਲੱਭਤਾਂ (ਖੋਜਾਂ) ਰਾਹੀਂ ਆਪਣੇ-ਆਪਣੇ ਵਿਚਾਰ ਦੱਸ ਕੇ ਬਾਬਾ ਫ਼ਰੀਦ ਜੀ ਦੇ ਜਨਮ ਸੰਮਤ ਅਤੇ ਸਥਾਨ ਬਾਰੇ ਦੱਸਿਆ ਹੈ:- "ਮੀਆਂ ਮੌਲਾ ਬਖਸ਼ ਕੁਸ਼ਤਾ ਅਨੁਸਾਰ ਆਪ ਖਾਕਸ ਅਜ਼ਾਨ 569 ਹਿਜਰੀ ਮੁਤਾਬਿਕ ਸੰਨ 1173 ਈਸਵੀ ਨੂੰ ਪੈਦਾ ਹੋਏ।" "ਸੀਅਰੁਲ ਔਲੀਆ ਅਨੁਸਾਰ ਫ਼ਰੀਦ ਜੀ ਦਾ ਜਨਮ 569 ਹਿਜਰੀ ਜਾਂ 1173 ਈਸਵੀ ਵਿੱਚ ਹੋਇਆ।" "ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਬਾਬਾ ਫ਼ਰੀਦ 582 ਹਿਜਰੀ 1186 ਈਸਵੀ ਨੂੰ ਖੋਤਵਾਲ ਪਿੰਡ ਸੂਬਾ ਮੁਲਤਾਨ ਵਿੱਚ ਹੋਇਆ ਸੀ।" "ਡਾ. ਰਤਨ ਸਿੰਘ ਜੱਗੀ ਅਨੁਸਾਰ ਪੰਜਾਬੀ ਸੂਫ਼ੀ ਕਾਵਿ ਦੇ ਮੋਢੀ ਕਵੀ ਅਤੇ ਚਿਸ਼ਤੀ ਸਿਲਸਿਲੇ ਦੇ ਪ੍ਰਸਿੱਧ ਸੂਫ਼ੀ ਸਾਧਕ ਸ਼ੇਖ ਫਰੀਦੁਦੀਨ ਮਸਊਦ ਸ਼ਕਰਗੰਜ ਦਾ ਜਨਮ ਸ਼ੇਖ ਜਮਾਲੁੱਦੀਨ ਸੁਲੇਮਾਨ ਦੇ ਘਰ ਬੀਬੀ ਕੁਰਸੁਮ ਦੀ ਕੁੱਖੋਂ 1173 ਈਸਵੀ ਪਿੰਡ ਖੋਤਵਾਲ ਵਿੱਚ ਹੋਇਆ। ਆਪ ਜੀ ਨੂੰ ਸ਼ਕਰਗੰਜ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।"

"ਬਾਬਾ ਫ਼ਰੀਦ ਜੀ ਦੀ ਸਿੱਖਿਆ ਬਾਰੇ ਦੱਸਿਆ ਜਾਂਦਾ ਹੈ ਕਿ ਉਹਨਾਂ ਦੇ ਪਿਤਾ ਬਾਬਾ ਫ਼ਰੀਦ ਜੀ ਨੂੰ ਕੇਵਲ 18 ਮਹੀਨੇ ਦੀ ਉਮਰ ਵਿੱਚ ਛੱਡ ਕੇ ਆਪ ਗੁਜ਼ਰ ਗਏ ਸਨ। ਆਪ ਜੀ ਦੀ ਮਾਤਾ ਕੁਰਸੁਮ ਨੇ ਹੀ ਆਪਜੀ ਨੂੰ ਪਾਲ ਕੇ ਧਾਰਮਿਕ ਵਿੱਦਿਆ ਦਿੱਤੀ। ਮੁੱਢਲੀ ਵਿੱਦਿਆ ਮਾਤਾ ਪਾਸੋਂ ਪ੍ਰਾਪਤ ਕਰਨ ਪਿੱਛੋਂ ਇਨ੍ਹਾਂ ਨੇ ਕੁਰਆਨ ਮਜੀਦ ਮੌਲਾਨਾ ਅਬੂ ਹਾਫ਼ਸ ਕੋਲੋਂ ਪੜ੍ਹਿਆ ਫੇਰ ਉਹ ਬਗਦਾਦ ਚਲੇ ਗਏ ਜਿੱਥੇ ਉਹਨਾਂ ਨੇ 'ਅਬਦੁਲ ਕਾਦਰ ਜੀਲਾਨੀ', 'ਸ਼ੇਖ ਸ਼ਿਹਾਬੁਦੀਨ ਸੁਹਰਾਵਰਦੀ', 'ਖਵਾਜਾ ਮੁਅਈਉਨਦੀਨ ਚਿਸ਼ਤੀ' ਤੇ 'ਸ਼ੇਖ ਕਿਰਮਾਨੀ' ਆਦਿ ਦੀ ਸੰਗਤ ਤੋਂ ਲਾਭ ਲਿਆ।"

ਇੱਕ ਵਾਰ ਜਦੋਂ ਉਸਦੀ ਪੜ੍ਹਾਈ ਪੂਰੀ ਹੋ ਗਈ, ਤਾਂ ਉਹ ਦਿੱਲੀ ਚਲੇ ਗਏ, ਜਿੱਥੇ ਉਸਨੇ ਆਪਣੇ ਗੁਰੂ, ਖਵਾਜਾ ਕੁਤਬੁੱਦੀਨ ਬਖਤਿਆਰ ਕਾਕੀ ਤੋਂ ਇਸਲਾਮੀ ਸਿਧਾਂਤ ਸਿੱਖਿਆ। ਬਾਅਦ ਵਿੱਚ ਉਹ ਹਾਂਸੀ, ਹਰਿਆਣਾ ਚਲੇ ਗਏ।ਜਦੋਂ 1235 ਵਿੱਚ ਖਵਾਜਾ ਬਖਤਿਆਰ ਕਾਕੀ ਦੀ ਮੌਤ ਹੋ ਗਈ, ਤਾਂ ਫਰੀਦ ਹਾਂਸੀ ਛੱਡ ਕੇ ਉਸਦਾ ਅਧਿਆਤਮਿਕ ਉੱਤਰਾਧਿਕਾਰੀ ਬਣ ਗਿਆ ਅਤੇ ਦਿੱਲੀ ਵਿੱਚ ਵਸਣ ਦੀ ਬਜਾਏ, ਉਹ ਆਪਣੇ ਜੱਦੀ ਪੰਜਾਬ ਵਾਪਸ ਆ ਗਿਆ ਅਤੇ ਅਜੋਧਨ (ਮੌਜੂਦਾ ਪਾਕਪਟਨ, ਪੰਜਾਬ, ਪਾਕਿਸਤਾਨ) ਵਿੱਚ ਵਸ ਗਿਆ।ਉਹ ਚਿਸ਼ਤੀ ਸੂਫ਼ੀ ਸੰਪਰਦਾਇ ਦੇ ਸੰਸਥਾਪਕਾਂ ਵਿੱਚੋਂ ਇੱਕ ਸੀ।

ਫਰੀਦੁਦੀਨ ਗੰਜਸ਼ਕਰ ਦਰਗਾਹ ਦਰਬਾਰ ਪਾਕਪਟਨ, ਪੰਜਾਬ, ਪਾਕਿਸਤਾਨ ਵਿੱਚ ਸਥਿਤ ਹੈ।

ਬਾਬਾ ਫਰੀਦ ਦਾ ਇੱਕ ਮਕਬਰਾ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ ਜਿਸ ਦੇ ਦੋ ਦਰਵਾਜ਼ੇ ਹਨ, ਇੱਕ ਪੂਰਬ ਵੱਲ ਮੂੰਹ ਕਰਕੇ ਨੂਰੀ ਦਰਵਾਜ਼ਾ ਜਾਂ 'ਰੋਸ਼ਨੀ ਦਾ ਦਰਵਾਜ਼ਾ' ਕਿਹਾ ਜਾਂਦਾ ਹੈ, ਅਤੇ ਦੂਜਾ ਉੱਤਰ ਵੱਲ ਮੂੰਹ ਕਰਕੇ ਬਹਿਸ਼ਤੀ ਦਰਵਾਜ਼ਾ, ਜਾਂ 'ਜੰਨਤ ਦਾ ਦਰਵਾਜ਼ਾ' ਕਿਹਾ ਜਾਂਦਾ ਹੈ। ਇੱਕ ਲੰਮਾ ਢੱਕਿਆ ਹੋਇਆ ਗਲਿਆਰਾ ਵੀ ਹੈ। ਮਕਬਰੇ ਦੇ ਅੰਦਰ ਦੋ ਚਿੱਟੇ ਸੰਗਮਰਮਰ ਦੀਆਂ ਕਬਰਾਂ ਹਨ। ਇੱਕ ਬਾਬਾ ਫਰੀਦ ਦੀ ਹੈ, ਅਤੇ ਦੂਜੀ ਉਨ੍ਹਾਂ ਦੇ ਵੱਡੇ ਪੁੱਤਰ ਦੀ ਹੈ। ਇਹ ਕਬਰਾਂ ਹਮੇਸ਼ਾ ਕੱਪੜੇ ਦੀਆਂ ਚਾਦਰਾਂ ਨਾਲ ਢੱਕੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ 'ਚੱਦਰ' ਕਿਹਾ ਜਾਂਦਾ ਹੈ (ਹਰੇ ਰੰਗ ਦੀਆਂ ਚਾਦਰਾਂ ਇਸਲਾਮੀ ਆਇਤਾਂ ਨਾਲ ਢੱਕੀਆਂ ਹੁੰਦੀਆਂ ਹਨ), ਅਤੇ ਸੈਲਾਨੀਆਂ ਦੁਆਰਾ ਲਿਆਂਦੇ ਜਾਂਦੇ ਫੁੱਲ। ਮਕਬਰੇ ਦੇ ਅੰਦਰ ਜਗ੍ਹਾ ਸੀਮਤ ਹੈ; ਇੱਕ ਸਮੇਂ ਦਸ ਤੋਂ ਵੱਧ ਲੋਕ ਅੰਦਰ ਨਹੀਂ ਹੋ ਸਕਦੇ। ਔਰਤਾਂ ਨੂੰ ਮਕਬਰੇ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੈ, ਪਰ ਪਾਕਿਸਤਾਨ ਦੀ ਉਸ ਸਮੇਂ ਦੀ ਪ੍ਰਧਾਨ ਮੰਤਰੀ ਮਰਹੂਮ ਬੇਨਜ਼ੀਰ ਭੁੱਟੋ ਨੂੰ ਮਕਬਰੇ ਦੇ ਸਰਪ੍ਰਸਤਾਂ ਨੇ ਅੰਦਰ ਜਾਣ ਦੀ ਇਜਾਜ਼ਤ ਦਿੱਤੀ ਸੀ, ਜਦੋਂ ਉਹ ਮਕਬਰੇ ਦੇ ਦਰਸ਼ਨ ਕਰਨ ਲਈ ਗਈ ਸੀ। ਇੱਕ ਹੋਰ ਦੁਰਲੱਭ ਅਸਾਧਾਰਨ ਮਾਮਲਾ ਸੀ ਜੇਹਲਮ ਦੇ ਮਰਹੂਮ ਹੱਜਾਹ ਕੌਸ਼ ਹੁਸੈਨ, ਜੋ ਕਿ ਮਰਹੂਮ ਹਾਜੀ ਮਨਜ਼ੂਰ ਹੁਸੈਨ ਦੀ ਪਤਨੀ ਸੀ, ਨੂੰ ਮਕਬਰੇ ਦੇ ਅੰਦਰ ਜਾਣ ਦਿੱਤਾ ਗਿਆ ਅਤੇ ਚਾਦਰ ਦਿੱਤੀ ਗਈ।

ਇੱਥੇ ਆਉਣ ਵਾਲੇ ਸੈਲਾਨੀਆਂ ਅਤੇ ਔਕਾਫ਼ ਵਿਭਾਗ, ਜੋ ਕਿ ਦਰਗਾਹ ਦਾ ਪ੍ਰਬੰਧਨ ਕਰਦਾ ਹੈ, ਉਹਨਾਂ ਨੂੰ ਸਾਰਾ ਦਿਨ ਲੰਗਰ ਨਾਮਕ ਦਾਨ ਭੋਜਨ ਵੰਡਿਆ ਜਾਂਦਾ ਹੈ। ਇਹ ਦਰਗਾਹ ਦਿਨ-ਰਾਤ ਸੈਲਾਨੀਆਂ ਲਈ ਖੁੱਲ੍ਹਾ ਰਹਿੰਦਾ ਹੈ। ਦਰਗਾਹ ਦਾ ਆਪਣਾ ਵੱਡਾ ਬਿਜਲੀ ਜਨਰੇਟਰ ਹੈ ਜੋ ਬਿਜਲੀ ਕੱਟ ਜਾਂ ਲੋਡਸ਼ੈਡਿੰਗ ਹੋਣ 'ਤੇ ਵਰਤਿਆ ਜਾਂਦਾ ਹੈ, ਇਸ ਲਈ ਦਰਗਾਹ ਸਾਰੀ ਰਾਤ, ਸਾਰਾ ਸਾਲ ਚਮਕਦਾਰ ਰਹਿੰਦੀ ਹੈ। ਮਰਦ ਅਤੇ ਔਰਤ ਖੇਤਰਾਂ ਨੂੰ ਵੱਖਰਾ ਨਹੀਂ ਕੀਤਾ ਗਿਆ ਹੈ ਪਰ ਇੱਕ ਛੋਟਾ ਜਿਹਾ ਔਰਤ ਖੇਤਰ ਵੀ ਉਪਲਬਧ ਹੈ। ਦਰਗਾਹ ਵਿੱਚ ਇੱਕ ਵੱਡੀ ਨਵੀਂ ਮਸਜਿਦ ਹੈ। ਰੋਜ਼ਾਨਾ ਹਜ਼ਾਰਾਂ ਲੋਕ ਆਪਣੀਆਂ ਇੱਛਾਵਾਂ ਅਤੇ ਅਣਸੁਲਝੇ ਮਾਮਲਿਆਂ ਲਈ ਦਰਗਾਹ 'ਤੇ ਆਉਂਦੇ ਹਨ; ਇਸ ਲਈ ਉਹ ਆਪਣੀਆਂ ਇੱਛਾਵਾਂ ਜਾਂ ਸਮੱਸਿਆਵਾਂ ਦੇ ਹੱਲ ਹੋਣ 'ਤੇ ਕੁਝ ਦਾਨ ਕਰਨ ਦੀ ਸਹੁੰ ਖਾਂਦੇ ਹਨ। ਜਦੋਂ ਉਨ੍ਹਾਂ ਦੇ ਮਾਮਲੇ ਹੱਲ ਹੋ ਜਾਂਦੇ ਹਨ ਤਾਂ ਉਹ ਦਰਗਾਹ ਦੇ ਯਾਤਰੀਆਂ ਅਤੇ ਗਰੀਬਾਂ ਲਈ ਦਾਨ ਭੋਜਨ ਲਿਆਉਂਦੇ ਹਨ, ਅਤੇ ਇਸ ਉਦੇਸ਼ ਲਈ ਰੱਖੇ ਗਏ ਵੱਡੇ ਪੈਸੇ ਦੇ ਬਕਸੇ ਵਿੱਚ ਪੈਸੇ ਪਾਉਂਦੇ ਹਨ। ਇਹ ਪੈਸਾ ਪਾਕਿਸਤਾਨ ਸਰਕਾਰ ਦੇ ਔਕਾਫ਼ ਵਿਭਾਗ ਦੁਆਰਾ ਇਕੱਠਾ ਕੀਤਾ ਜਾਂਦਾ ਹੈ ਜੋ ਦਰਗਾਹ ਦੀ ਦੇਖਭਾਲ ਕਰਦਾ ਹੈ।

ਬਾਬਾ ਫ਼ਰੀਦ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਇੱਕ ਪ੍ਰਸਿੱਧ ਆਗੂ ਹੋਏ ਹਨ। ਇਹ ਸਿਲਸਿਲਾ ਖ੍ਵਾਜਾ ਹਸਨ ਬਸਰੀ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ, ਜਿਹਨਾਂ ਬਾਰੇ ਦੱਸਿਆ ਜਾਂਦਾ ਹੈ ਕਿ ਫ਼ਕੀਰੀ ਦੀ ਗੋਦੜੀ ਹਜ਼ਰਤ ਅਲੀ ਪਾਸੋਂ ਪ੍ਰਾਪਤ ਕੀਤੀ। ਖ੍ਵਾਜਾ ਹਸਨ ਬਸਰੀ ਦੇ ਅੱਠਵੇਂ ਗੱਦੀਦਾਰ ਖ੍ਵਾਜਾ ਅਬੂ ਇਸਹਾਕ ਤੋਂ ਪਿੱਛੋਂ ਉਹਨਾਂ ਦੇ ਪੰਜ ਹੋਰ ਗੱਦੀਦਾਰਾਂ ਨੇ ਇਸ ਪਿੰਡ 'ਚਿਸ਼ਤ' ਨੂੰ ਹੀ ਆਪਣਾ ਟਿਕਾਣਾ ਬਣਾਈ ਰੱਖਿਆ। ਇਸ ਦਾ ਨਤੀਜਾ ਇਹ ਹੋਇਆ ਕਿ ਇਸ ਸਿਲਸਿਲੇ ਦਾ ਨਾਂ 'ਚਿਸ਼ਤ' ਪਿੰਡ ਦੇ ਸੰਬੰਧ ਕਰ ਕੇ ਚਿਸ਼ਤੀ ਮਸ਼ਹੂਰ ਖ੍ਵਾਜਾ ਹਸਨ ਬਸਰੀ ਦੇ ਚੌਦਵੇਂ ਖ਼ਲੀਫ਼ੇ ਖ੍ਵਾਜਾ ਮੁਈਨੋਦ-ਦੀਨ ਹਸਨ ਸਿਜਜ਼ੀ ਚਿਸ਼ਤੀ ਹੋਏ, ਇਹ ਪਹਿਲੇ ਚਿਸ਼ਤੀ ਆਗੂ ਸਨ ਜਿਹਨਾਂ ਨੇ ਹਿੰਦੁਸਤਾਨ ਵਿੱਚ ਚਿਸ਼ਤੀ ਸੰਪ੍ਰਦਾਇ ਦੀ ਨੀਂਹ ਰੱਖੀ। ਇਹਨਾਂ ਨੇ ਆਪਣੀਆਂ ਪ੍ਰਚਾਰਕ ਸਰਗਰਮੀਆਂ ਦਾ ਕੇਂਦਰ ਪਹਿਲਾਂ ਦਿੱਲੀ ਤੇ ਪਿੱਛੋਂ ਅਜਮੇਰ ਨੂੰ ਬਣਾਇਆ। ਅਜਮੇਰ ਵਿੱਚ ਉਸ ਸਮੇਂ ਜੋਗੀਆਂ ਦਾ ਰਾਜ ਸੀ ਤੇ ਰਾਏ ਪਿਥੌਰਾ ਦਾ ਰਾਜ ਸੀ। ਇਹਨਾਂ ਦੋਨਾਂ ਸਥਾਪਿਤ ਸ਼ਕਤੀਆਂ ਵੱਲੋਂ ਖ੍ਵਾਜਾ ਸਾਹਿਬ ਦਾ ਵਿਰੋਧ ਕੁਦਰਤੀ ਸੀ। ਜਦੋਂ ਸੂਫ਼ੀਆਂ ਨੇ ਆਪਣੇ ਚਰਨ ਹਿੰਦੁਸਤਾਨ ਵਿੱਚ ਪਾਏ ਤਾਂ ਇੱਥੋਂ ਦਾ ਹਨੇਰਾ ਇਸਲਾਮ ਦੇ ਨੂਰ ਨਾਲ ਉਜਵੱਲ ਹੋ ਉਠਿਆ। ਇੱਥੇ ਆ ਕੇ ਖ੍ਵਾਜਾ ਮੁਈਨੋਦਦੀਨ ਨੇ ਆਪਣੀ ਗੱਦੀ ਖ੍ਵਾਜਾ ਕੁਤਬੁੱਦ-ਦੀਨ ਬਖ਼ਤਯਾਰ ਕਾਕੀ ਚਿਸ਼ਤੀ ਨੂੰ ਬਖ਼ਸ਼ੀ ਤਾਂ ਉਸ ਵੇਲੇ 'ਮੁਲਤਾਨ' ਉੱਤਰ ਪੱਛਮੀ ਹਿੰਦੁਸਤਾਨ ਦੇ ਵਪਾਰ, ਸੱਭਿਆਚਾਰ ਤੇ ਰਾਜਨੀਤੀ ਦਾ ਇੱਕ ਬਹੁਤ ਵੱਡਾ ਇਸਲਾਮੀ ਕੇਂਦਰ ਸੀ। ਹੋਰ ਦੇਸ਼ਾਂ ਵਿਚੋਂ ਮੌਲਵੀ ਤੇ ਸੂਫ਼ੀ ਹੁੰਮ ਹੁੰਮਾ ਕੇ ਮੁਲਤਾਨ ਪਹੁੰਚਿਆ ਕਰਦੇ ਸਨ। ਇਸ ਥਾਂ ਦੀਆਂ ਸ਼ਾਨਦਾਰ ਮਸੀਤਾਂ, ਵਿਦਿਆਲੇ ਸਨ ਅਤੇ ਉੱਚ ਇਸਲਾਮੀ ਸਿੱਖਿਆ ਲਈ ਇਹ ਥਾਂ ਬਹੁਤ ਮਸ਼ਹੂਰ ਸੀ। ਇਸੇ ਸਥਾਨ ਤੇ ਹੀ ਇੱਕ ਦਿਨ ਕਾਕੀ ਜੀ ਵੀ ਆਏ ਅਤੇ ਉਹਨਾਂ ਦੀ ਫ਼ਰੀਦ ਜੀ ਨਾਲ ਇੱਕ ਮਸੀਤ ਵਿੱਚ ਭੇਟ ਹੋਈ ਜਿਸ ਪਿੱਛੋਂ ਫ਼ਰੀਦ ਜੀ ਕਾਕੀ ਜੀ ਤੋਂ ਇਨ੍ਹਾਂ ਪ੍ਰਭਾਵਿਤ ਹੋਏ ਕਿ ਉਹਨਾਂ ਦੇ ਕਦਮਾਂ ਵਿੱਚ ਡਿੱਗ ਪਏ। ਇਹ ਫ਼ਰੀਦ ਜੀ ਦੀ ਆਪਣੇ ਪੀਰ ਨਾਲ ਪਹਿਲੀ ਮਿਲਣੀ ਸੀ। ਕਾਕੀ ਜੀ ਨੇ ਮੁਲਤਾਨ ਤੋਂ ਦਿੱਲੀ ਜਾਣਾ ਸੀ ਉਹ ਫ਼ਰੀਦ ਦੇ ਕਹਿਣ ਤੇ ਉਸ ਨੂੰ ਵੀ ਨਾਲ ਹੀ ਲੈ ਗਏ। ਕਾਕੀ ਜੀ ਨੇ ਫ਼ਰੀਦ ਨੂੰ ਗਿਆਨ ਬਖ਼ਸ਼ ਕੇ ਹਰ ਇੱਕ ਗੁਣ ਪੱਖੋਂ ਪਰਪੱਕ ਕਰ ਦਿੱਤਾ। ਲੰਮੇ ਫ਼ਾਕੇ ਕੱਟਣ, ਮਨ ਦੀ ਗ਼ਰੀਬੀ ਧਾਰਨ, ਰੱਬੀ ਨਮਾਜ਼ ਵਾਲਾ ਸ਼ਰ੍ਹਈ ਜੀਵਨ ਬਿਤਾਉਣ ਤੇ ਸਬਰ ਸੰਤੋਖ ਨਾਲ ਰਹਿਣ ਵਿਚ ਫ਼ਰੀਦ ਜੀ ਉਹਨਾਂ ਵਰਗੇ ਹੋ ਗਏ। ਇਸ ਸਾਧਨਾਂ ਦਾ ਨਤੀਜਾ ਇਹ ਹੋਇਆ ਕਿ ਕਾਕੀ ਜੀ ਮ੍ਰਿਤੂ ਸਮੇਂ ਫ਼ਰੀਦ ਜੀ ਨੂੰ ਆਪਣਾ ਖ਼ਲੀਫ਼ਾ ਥਾਪ ਗਏ। ਹਾਂਸੀ ਨੂੰ ਸੂਫ਼ੀਆਂ ਦੇ ਗੜ੍ਹ ਵਜੋਂ ਸਥਾਪਿਤ ਤੇ ਵਿਕਸਿਤ ਕਰਨ ਦਾ ਸਿਹਰਾ ਸ਼ੇਖ਼ ਫ਼ਰੀਦ ਸ਼ਕਰਗੰਜ ਦੇ ਸਿਰ ਬੱਝਦਾ ਹੈ। ਸ਼ੇਖ਼ ਫ਼ਰੀਦ ਨੇ ਬਾਰਾਂ ਸਾਲ ਇੱਥੇ ਚਿਲਾ ਕੀਤਾ ਸੀ।

### ਦਰਗਾਹਾਂ

- ਬਾਬਾ ਫ਼ਰੀਦ ਪੰਜਾਬ ਦੇ ਸ਼ਹਿਰ ਫਰੀਦਕੋਟ ਵਿੱਚ ਦਿੱਲੀ ਤੋਂ ਵਾਪਸ ਆਉਣ ਵੇਲੇ ਰੁਕੇ ਸੀ । ਹੁਣ ਫਰੀਦਕੋਟ ਵਿੱਚ ਗੁਰਦੁਆਰਾ ਟਿੱਲਾ ਬਾਬਾ ਫਰੀਦ ਜੀ ਅਤੇ ਟਿੱਲਾ ਬਾਬਾ ਫਰੀਦ ਸਥਿਤ ਨੇ । ਬਾਬਾ ਫਰੀਦ ਨੂੰ ਹਰ ਮੁਸਲਮਾਨ ਹਿੰਦੂ ਸਿੱਖ ਸਾਰੇ ਧਰਮ ਦੇ ਲੋਕ ਮੰਨਦੇ ਤੇ ਪੂਜਦੇ ਨੇ।
- ਬਾਬਾ ਫ਼ਰੀਦ ਦਾ ਇੱਕ ਚਿੱਲਾ ਰਾਜਸਥਾਨ, ਭਾਰਤ ਦੇ ਬੀਕਾਨੇਰ ਜ਼ਿਲ੍ਹੇ ਵਿੱਚ ਲੂਣਕਰਨਸਰ ਤਹਿਸੀਲ ਦੇ ਪਿੰਡ ਧੀਰਦਾਨ ਵਿੱਚ ਸਥਿਤ ਹੈ।
- ਬਾਬਾ ਫ਼ਰੀਦ ਦਾ ਇੱਕ ਚਿੱਲਾ ਰਾਜਸਥਾਨ, ਭਾਰਤ ਦੇ ਹਨੂੰਮਾਨਗੜ੍ਹ ਜ਼ਿਲ੍ਹੇ ਵਿੱਚ ਰਾਵਤਸਰ ਤਹਿਸੀਲ ਦੇ ਪਿੰਡ ਸ਼ੇਖਸੂਲੀਆ ਵਿੱਚ ਸਥਿਤ ਹੈ।
- ਮਹਾਰਾਸ਼ਟਰ, ਭਾਰਤ ਦੇ ਅਮਰਾਵਤੀ ਜ਼ਿਲ੍ਹੇ ਦਾ ਘੋਰਾਹਾ ਪਿੰਡ।
- ਨਿਫਾਡ ਮਹਾਰਾਸ਼ਟਰ, ਭਾਰਤ ਦੇ ਨਾਸਿਕ ਜ਼ਿਲ੍ਹੇ ਦਾ ਇੱਕ ਸ਼ਹਿਰ ਹੈ।
- ਗਿਰਦ ਮਹਾਰਾਸ਼ਟਰ, ਭਾਰਤ ਦੇ ਵਰਧਾ ਜ਼ਿਲ੍ਹੇ ਦੇ ਸਮੁੰਦਰਪੁਰ ਹਲਕੇ ਦਾ ਇੱਕ ਛੋਟਾ ਜਿਹਾ ਸ਼ਹਿਰ ਹੈ।
- ਗੜ੍ਹਦੇਵੀ ਸਿੰਦੋਲੀ ਕਸਬਾ ਜ਼ਿਲ੍ਹਾ ਉਸਮਾਨਾਬਾਦ ਮਹਾਰਾਸ਼ਟਰ ਭਾਰਤ ਵਿੱਚ ਹੈ।
- ਮਾਨੇਗਾਓਂ ਤਹਿਸੀਲ ਘਰਘਾਟ, ਜ਼ਿਲ੍ਹਾ ਸਿਓਨੀ, ਮੱਧ ਪ੍ਰਦੇਸ਼, ਭਾਰਤ ਵਿੱਚ ਸਥਿਤ ਇੱਕ ਛੋਟਾ ਜਿਹਾ ਪਿੰਡ।
- ਮਡੀਚੋਲੀ, ਤਹਿਸੀਲ ਪੰਧੁਰਨਾ ਜ਼ਿਲ੍ਹਾ ਛਿੰਦਵਾੜਾ, ਮੱਧ ਪ੍ਰਦੇਸ਼ ਵਿੱਚ।
- ਅਜਮੇਰ ਦਰਗਾਹ ਸ਼ਰੀਫ, ਰਾਜਸਥਾਨ, ਭਾਰਤ।
- ਫਾਉਂਟੇਨ ਹਿਲੋਕ, ਸ਼ੋਲਾਸ਼ਹਿਰ, ਚਟਗਾਓਂ, ਬੰਗਲਾਦੇਸ਼
- ਇਹ ਦਰਗਾਹ (ਮਜ਼ਾਰ/ਮਕਬਰਾ) ਵਿਸ਼ਾਲ ਅਤੇ ਵਿਸ਼ਾਲ ਹੈ, ਜੋ ਪਾਕਪਟਨ ਸ਼ਹਿਰ ਵਿੱਚ ਸਥਿਤ ਹੈ, ਨਹੀਂ ਤਾਂ ਪਾਕਪਟਨ ਸ਼ਰੀਫ, ਜੋ ਪਾਕਿਸਤਾਨ ਦੇ ਕੇਂਦਰੀ ਪੰਜਾਬ ਸੂਬੇ ਵਿੱਚ ਸਥਿਤ ਹੈ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥

ਹੇ ਫਰੀਦਾ ਜੋ (ਮਨੁੱਖ) ਤੈਨੂੰ ਮੁੱਕੀਆਂ ਮਾਰਨ (ਭਾਵ, ਕੋਈ ਦੁੱਖ ਦੇਣ) ਉਹਨਾ ਨੂੰ ਤੂੰ ਪਰਤ ਕੇ ਨਾ ਮਾਰੀਂ (ਭਾਵ, ਬਦਲਾ ਨਾ ਲਈਂ, ਸਗੋਂ) ਉਹਨਾਂ ਦੇ ਪੈਰ ਚੁੰਮ ਕੇ ਆਪਣੇ ਘਰ ਵਿਚ (ਸ਼ਾਂਤ ਅਵਸਥਾ ਵਿਚ) ਟਿਕੇ ਰਹੀਦਾ ਹੈ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥ ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥

ਹੇ ਫਰੀਦਾ ਮਿੱਟੀ ਨੂੰ ਮਾੜਾ ਨਹੀਂ ਆਖਣਾ ਚਾਹੀਦਾ, ਮਿੱਟੀ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। (ਮਨੁੱਖ ਦੇ) ਪੈਰਾਂ ਹੇਠ ਹੁੰਦੀ ਹੈ, (ਪਰ ਮਨੁੱਖ ਦੇ) ਮਰਿਆਂ ਉਸ ਦੇ ਉੱਤੇ ਹੋ ਜਾਂਦੀ ਹੈ, (ਇਸੇ ਤਰ੍ਹਾਂ 'ਗਰੀਬੀ-ਸੁਭਾਵ' ਦੀ ਰੀਸ ਨਹੀਂ ਹੋ ਸਕਦੀ, 'ਗਰੀਬੀ-ਸੁਭਾਵ' ਵਾਲਾ ਬੰਦਾ ਜ਼ਿੰਦਗੀ ਵਿਚ ਭਾਵੇਂ ਸਭ ਦੀ ਦਬੀਲ ਸਹਾਰਦਾ ਹੈ, ਪਰ ਮਨ ਨੂੰ ਮਾਰਨ ਕਰਕੇ ਆਤਮਕ ਅਵਸਥਾ ਵਿਚ ਉਹ ਸਭ ਤੋਂ ਉੱਚਾ ਹੁੰਦਾ ਹੈ)

ਫਰੀਦਾ ਚਾਰਿ ਗਵਾਇਆ ਹੰਢਿ ਕੈ ॥ ਚਾਰਿ ਗਵਾਇਆ ਸੰਮਿ॥ ਲੇਖਾ ਰਬੁ ਮੰਗੇਸੀਆ ॥ ਤੂ ਆਂਹੋ ਕੇਰੇ ਕੰਮਿ॥

ਫਰੀਦ ਜੀ ਆਖਦੇ ਹਨ, ਇਨਸਾਨ ਦਿਨ ਦੇ ਚਾਰ ਪਹਿਰ ਭੁਰਨ ਫਿਰਨ ਵਿੱਚ ਗਵਾ ਲੈਂਦਾ ਹੈ, ਅਤੇ ਰਾਤ ਦੇ ਚਾਰ ਸੌਣ ਵਿਚ ਵਾਹਿਗੁਰੂ ਤੇਰੇ ਕੋਲੋਂ ਹਿਸਾਬ-ਕਿਤਾਬ ਮੰਗੇਗਾ ਅਤੇ ਤੈਨੂੰ ਪੁਛੇਗਾ ਕਿ ਤੂੰ ਕਿਹੜੇ ਕੰਮ ਲਈ ਜਗ ਵਿੱਚ ਆਇਆ ਸੀ।

# PEER NAUGAJA JI

ਨੌਗਜਾ ਪੀਰ (ਪੰਜਾਬੀ: ਨੌਗਜਾ ਪੀਰ) ਇੱਕ ਸੰਤ ਸੀ ਜਿਸਦਾ ਕੱਦ 9 "ਗੱਜ" ਸੀ ਜੋ ਕਿ ਭਾਰਤੀ ਮੀਟ੍ਰਿਕ ਇਕਾਈਆਂ ਵਿੱਚ 8 ਮੀਟਰ ਅਤੇ 36 ਇੰਚ ਜਾਂ 27 ਫੁੱਟ ਦੇ ਬਰਾਬਰ ਹੈ। ਉਸਦਾ ਨਾਮ ਸਈਦ ਇਬਰਾਹਿਮ ਬਾਦਸ਼ਾਹ ਸੀ, ਜੋ ਮੰਨਿਆ ਜਾਂਦਾ ਹੈ ਕਿ ਸੁਰੱਖਿਅਤ ਯਾਤਰਾਵਾਂ ਅਤੇ ਸਾਰੇ ਕੰਮਾਂ ਨੂੰ ਸਮੇਂ ਸਿਰ ਪੂਰਾ ਕਰਨ ਨੂੰ ਯਕੀਨੀ ਬਣਾਉਂਦਾ ਹੈ। ਪੰਜਾਬ ਖੇਤਰ ਵਿੱਚ ਨੌਗਜਾ ਪੀਰ ਦੇ ਬਹੁਤ ਸਾਰੇ ਧਾਰਮਿਕ ਸਥਾਨ ਹਨ ਜੋ ਪੰਜਾਬੀ ਲੋਕ ਧਰਮ ਦਾ ਹਿੱਸਾ ਹਨ। ਇਸ ਧਾਰਮਿਕ ਸਥਾਨ 'ਤੇ ਆਉਣ-ਜਾਣ ਵਾਲੇ ਅਤੇ ਪੰਜਾਬ ਖੇਤਰ ਦੇ ਲੋਕ ਨਿਯਮਿਤ ਤੌਰ 'ਤੇ ਆਉਂਦੇ ਹਨ।

ਬਾਬਾ ਨੌਗਜਾ ਪੀਰ ਮੂਲ ਰੂਪ ਵਿੱਚ ਇਰਾਕ ਤੋਂ ਸਨ ਅਤੇ ਕੁਰੂਕਸ਼ੇਤਰ ਦੇ ਸ਼ਾਹਬਾਦ ਮਾਰਕੰਡਾ ਦੇ ਨੇੜੇ ਹਰਿਆਣਾ ਦੇ ਕਲਿਆਣਾ ਪਿੰਡ ਵਿੱਚ ਰਹਿੰਦੇ ਸਨ। ਨੌਗਜਾ ਪੀਰ ਦਾ ਮੰਦਿਰ (30.0936126N 77.809875E) ਭਾਰਤ ਵਿੱਚ ਰਾਸ਼ਟਰੀ ਰਾਜਮਾਰਗ-1 'ਤੇ ਪੰਜਾਬ-ਹਰਿਆਣਾ ਸਰਹੱਦ ਦੇ ਨੇੜੇ ਸਥਿਤ ਹੈ। ਇਸ ਮੰਦਿਰ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਇੱਕ ਮੁਸਲਿਮ ਸੰਤ ਦੀ ਕਬਰ ਅਤੇ ਇੱਕ ਹਿੰਦੂ ਸ਼ਿਵ ਮੰਦਰ ਹੈ। ਲੋਕ ਦੋਵਾਂ ਥਾਵਾਂ 'ਤੇ ਜਾਂਦੇ ਹਨ ਅਤੇ ਆਪਣੀਆਂ ਇੱਛਾਵਾਂ ਮੰਗਦੇ ਹਨ।

ਬਾਬਾ ਨੌਗਜਾ ਪੀਰ ਹਰਿਆਣਾ ਦੇ ਸ਼ਾਹਬਾਦ ਜ਼ਿਲ੍ਹੇ ਵਿੱਚ ਰਹਿੰਦੇ ਸਨ। ਉਨ੍ਹਾਂ ਦੇ ਮਕਬਰੇ ਦੇ ਨੇੜੇ ਨੌਦਰਾ (ਨੌਂ ਲੇਨ ਵਾਲਾ ਪੁਲ) ਨਾਮਕ ਇੱਕ ਇਤਿਹਾਸਕ ਪੁਲ ਹੈ ਜਿਸਨੂੰ ਹਰਿਆਣਾ ਸਰਕਾਰ ਦੁਆਰਾ ਇੱਕ ਸੈਰ-ਸਪਾਟਾ ਸਥਾਨ ਘੋਸ਼ਿਤ ਕੀਤਾ ਗਿਆ ਹੈ।

ਕਿਹਾ ਜਾਂਦਾ ਹੈ ਕਿ ਭਗਵਾਨ ਸ਼ੇਸ਼ਨਾਗ ਇੱਕ ਵਾਰ ਨੌਗਜਾ ਪੀਰ ਦੇ ਸਥਾਨ 'ਤੇ ਪ੍ਰਗਟ ਹੋਏ ਸਨ। 1881 ਦੌਰਾਨ, ਬਾਬਾ ਤਾਰਾ ਸਿੰਘ ਜੀ ਇਸ ਅਸਥਾਨ ਦੇ ਮੁਖੀ ਸਨ ਜੋ 1911 ਵਿੱਚ ਸਮਾਧੀ ਵਿੱਚ ਉਤਰੇ ਸਨ। 1954 ਵਿੱਚ ਮਾਤਾ ਸ਼ਾਰਦਾ ਦੇਵੀ ਇਸ ਅਸਥਾਨ ਦੀ ਅਗਵਾਈ ਕਰਦੇ ਸਨ ਜੋ 2008 ਵਿੱਚ ਸਮਾਧੀ ਵਿੱਚ ਉਤਰੇ ਸਨ। 1933-34 ਦੌਰਾਨ ਇੱਕ ਬ੍ਰਿਟਿਸ਼ ਅਫ਼ਸਰ ਦੁਆਰਾ ਪੀਰ ਅਸਥਾਨ ਨੂੰ ਇੱਟਾਂ ਦੀਆਂ ਕੰਧਾਂ ਨਾਲ ਨਵਿਆਇਆ ਗਿਆ ਸੀ। ਵਿਨੋ ਸ਼ੁਕਲਾ 1984 ਤੋਂ ਰੱਖ-ਰਖਾਅ ਦਾ ਇੰਚਾਰਜ ਹੈ।

ਇਸ ਅਸਥਾਨ ਨੂੰ ਸੁਰੱਖਿਅਤ ਯਾਤਰਾਵਾਂ ਲਈ ਪੂਜਿਆ ਜਾਂਦਾ ਹੈ। ਚਾਦਰ (ਕੱਪੜਾ) ਅਤੇ ਧੂਪ ਸਟਿਕਸ ਤੋਂ ਇਲਾਵਾ, ਸ਼ਰਧਾਲੂ ਨੌਗਜਾ ਪੀਰ ਦੀ ਕਬਰ 'ਤੇ ਕੰਧ ਘੜੀਆਂ ਅਤੇ ਘੜੀਆਂ ਚੜ੍ਹਾਉਂਦੇ ਹਨ, ਜਿਨ੍ਹਾਂ ਨੂੰ ਚੰਗੀ ਕਿਸਮਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਬਹੁਤ ਸਾਰੇ ਸਿਆਸਤਦਾਨ ਅਤੇ ਯਾਤਰੀ ਇਸ ਪਵਿੱਤਰ ਸਥਾਨ 'ਤੇ ਪ੍ਰਾਰਥਨਾ ਕਰਦੇ ਹਨ। ਇੱਥੇ ਅਕਸਰ ਉੱਤਰ ਅਤੇ ਦੱਖਣੀ ਭਾਰਤ ਦੇ ਟੈਕਸੀ ਡਰਾਈਵਰ ਵੀ ਆਉਂਦੇ ਹਨ। ਕੁੱਤੇ ਅਤੇ ਗਾਵਾਂ ਦੁੱਧ ਅਤੇ ਕਣਕ ਵਾਲੇ ਆਪਣੇ ਰੋਜ਼ਾਨਾ ਭੋਜਨ ਦਾ ਆਨੰਦ ਮਾਣਦੀਆਂ ਹਨ। ਇਸ ਤੋਂ ਇਲਾਵਾ, ਇੱਕ ਰੁਟੀਨ ਦੇ ਤੌਰ 'ਤੇ, ਚਿੜੀਆਂ ਸ਼ਰਧਾਲੂਆਂ ਤੋਂ ਅਨਾਜ ਪ੍ਰਾਪਤ ਕਰਦੀਆਂ ਹਨ। ਇਹ ਮੰਨਿਆ ਜਾਂਦਾ ਹੈ ਕਿ ਜੋ ਲੋਕ ਪੂਰੇ ਦਿਲ ਨਾਲ ਪੂਜਾ ਲਈ ਆਉਂਦੇ ਹਨ ਉਹ ਉਹ ਪ੍ਰਾਪਤ ਕਰਦੇ ਹਨ ਜੋ ਉਹ ਚਾਹੁੰਦੇ ਹਨ।

ਇਸ ਜਗ੍ਹਾ ਨੂੰ 9 ਲੇਨ ਵਾਲਾ ਰਸਤਾ (ਨੌਦਰਾ) ਕਿਹਾ ਜਾਂਦਾ ਸੀ (ਨੌਂ ਦੇਵੀ ਦੇਵੀਆਂ ਦੇ ਨਾਮ ਤੇ ਰੱਖਿਆ ਗਿਆ) ਅਤੇ ਇਹ ਇੱਕ ਸ਼ਿਵ ਮੰਦਰ ਦੇ ਸਾਹਮਣੇ ਸਥਿਤ ਸੀ ਜਿੱਥੇ ਬਾਅਦ ਵਿੱਚ ਮੁਸਲਿਮ ਸੰਤ ਆਏ ਅਤੇ ਠਹਿਰੇ। ਨੌਦਰੀ ਨੂੰ ਇੱਕ ਪੁਲ ਵਜੋਂ ਵਰਤਿਆ ਜਾਂਦਾ ਹੈ। ਇਹ ਅਸਥਾਨ ਖੇਤਰ ਦੇ ਲੋਕ ਧਰਮ ਨੂੰ ਦਰਸਾਉਂਦਾ ਹੈ ਜੋ ਸੰਗਠਿਤ ਧਰਮਾਂ ਵਿਚਕਾਰ ਇੱਕ ਪੁਲ ਹੈ।

ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿੱਚ ਇੱਕ ਨੌਗਜਾ ਪੀਰ ਤੀਰਥ ਸਥਾਨ ਸਥਿਤ ਹੈ ਜੋ ਰਾਸ਼ਟਰੀ ਰਾਜਮਾਰਗ 73 'ਤੇ ਸਥਿਤ ਹੈ ਜੋ ਉੱਤਰਾਖੰਡ ਦੇ ਰੁੜਕੀ ਨੂੰ ਹਰਿਆਣਾ ਦੇ ਪੰਚਕੂਲਾ ਨਾਲ ਜੋੜਦਾ ਹੈ। ਹਿੰਦੂ ਅਤੇ ਮੁਸਲਮਾਨ ਦੋਵੇਂ ਇਸ ਸਥਾਨ 'ਤੇ ਆਉਂਦੇ ਹਨ। ਇਸ ਪੀਰ ਨਾਲ ਕਈ ਕਥਾਵਾਂ ਅਤੇ ਮਿੱਥਾਂ ਜੁੜੀਆਂ ਹੋਈਆਂ ਹਨ। ਅਜਿਹਾ ਹੀ ਇੱਕ ਸੰਸਕਰਣ ਇਹ ਹੈ ਕਿ ਮੂਸਾ ਅਲੈ ਸਲਾਮ ਦੇ ਸਮੇਂ ਦੌਰਾਨ, ਇੱਕ ਆਦਮੀ ਦੀ ਉਚਾਈ ਲਗਭਗ 26 ਫੁੱਟ ਹੁੰਦੀ ਸੀ ਅਤੇ ਇਹ ਮਜ਼ਾਰ ਉਸ ਸਮੇਂ ਦੇ ਆਸਪਾਸ ਬਣਾਏ ਗਏ ਹਨ।



# Contact Us



## Contact

Need Help? Contact Us

### Let's Start a Conversation

NAME

Your Name

EMAIL

Your Email

PHONE

Your Phone

SUBJECT

Subject

MESSAGE

Tell us about your project

SEND MESSAGE →

### Get in Touch

ADDRESS

892 Park Avenue, Manhattan
New York, NY 10075